ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥


# ਖ਼ਾਲਸਾ ਅਖ਼ਬਾਰ

੧੯ ਫੱਗਣ ਸੰਨ ੨੦੨੬ Monday, 02 MARCH

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

## ਕੁਦਰਤ ਕੇ ਸਭ ਬੰਦੇ



ਅੱਜ ਸਮੁੱਚਾ ਸੰਸਾਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਨੂੰ ਵਾਚਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਫ਼ਲਸਫ਼ਾ ਜਿਸ ਵਿਚ ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ, ਸਾਰੇ ਜੀਵ ਇਕ ਪਰਮ ਪਿਤਾ ਪਰਮਾਤਮਾ ਦੀ ਔਲਾਦ ਹਨ। ਸਾਰਾ ਸੰਸਾਰ ਪਰਮ ਪਿਤਾ ਦੀ ਅੰਸ਼ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਇਹ ਸੰਸਾਰ ਵਰਣ-ਵੰਡ ਵਿਚ ਬੁਰੀ ਤਰ੍ਹਾਂ ਜਕੜਿਆ ਪਿਆ ਸੀ। ਇਸ ਵਰਨ-ਵੰਡ ਦੇ ਨਾਲ ਸਾਰਾ ਭਾਰਤੀ ਜਨ-ਜੀਵਨ ਪੂਰੀ ਤਰ੍ਹਾਂ ਪ੍ਰਭਾਵਤ ਸੀ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦੁਆਰਾ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਅਤੇ ਫ਼ੁਰਮਾਨ ਕੀਤਾ:

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥ (ਅੰਗ ੭੪੭)**

ਗੁਰੂ ਜੀ ਨੇ ਇਸ ਗੱਲ ਨੂੰ ਦ੍ਰਿੜ੍ਹ ਕਰਵਾਇਆ ਕਿ ਮਹੱਤਤਾ ਜਨਮ ਦੀ ਨਹੀਂ ਕਿ ਕਿਸ ਦੇ ਘਰ ਵਿਚ ਹੋਇਆ ਹੈ, ਮਹੱਤਤਾ ਤਾਂ ਇਸ ਗੱਲ ਦੀ ਹੈ ਕਿ ਜੀਵ ਦਾ ਕਰਮ ਕੀ ਹੈ? ਉਸ ਦਾ ਨਿੱਤ ਦਾ ਜੀਵਨ ਕੀ ਹੈ? ਅਹਿਮੀਅਤ ਇਸ ਗੱਲ ਦੀ ਨਹੀਂ ਕਿ ਉਹ ਇਸ ਜ਼ਿੰਦਗੀ ਦੇ ਗੁਜ਼ਰ-ਬਸਰ ਲਈ ਕੀ ਕਰਦਾ ਹੈ? ਅਹਿਮੀਅਤ ਤਾਂ ਇਸ ਗੱਲ ਦੀ ਹੈ ਕਿ ਉਹ ਇਸ ਜੀਵਨ ਨੂੰ ਸੁਚੱਜੇ ਤਰੀਕੇ ਨਾਲ ਜਿਊਣ ਲਈ ਕੀ ਕਰਦਾ ਹੈ, ਉਹ ਇਸ ਜ਼ਿੰਦਗੀ ਨੂੰ ਕਿਸ ਨਜ਼ਰੀਏ ਤੋਂ ਦੇਖਦਾ ਹੈ, ਉਸ ਦਾ ਆਪਣੇ ਸਮਾਜ ਵਿਚ ਕੀ ਵਿਵਹਾਰ ਹੈ, ਉਹ ਆਪਣੀ ਭਲਾਈ ਦੇ ਨਾਲ-ਨਾਲ ਦੂਜਿਆਂ ਲਈ ਕੀ ਸੋਚਦਾ ਹੈ, ਕੀ ਉਹ ਜਾਤ-ਅਭਿਮਾਨੀ ਤਾਂ ਨਹੀਂ? ਕੀ ਉਹ ਆਪਣੀ ਅਖੌਤੀ ਉੱਚੀ ਜਾਤ ਦੇ ਗਰੂਰ ਵਿਚ ਦੂਜਿਆਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਤਾਂ ਨਹੀਂ ਕਰਦਾ? ਜੇਕਰ ਐਸਾ ਹੈ ਤਾਂ ਉਹ ਮੂਰਖ ਹੈ, ਗਵਾਰ ਹੈ। ਭਾਵੇਂ ਉਹ ਵੇਦਾਂ ਦਾ ਗਿਆਤਾ ਮਹਾਨ ਪੰਡਤ ਹੋਵੇ, ਭਾਵੇਂ ਕਾਜ਼ੀ ਮੁੱਲਾਂ ਅਖਵਾਉਣ ਵਾਲਾ ਹੋਵੇ ਪਰ ਜੇ ਜਾਤ-ਪਾਤ ਦੇ ਅਹੰਕਾਰ ਵਿਚ ਫਸ ਗਿਆ ਤਾਂ ਮੂਰਖ ਹੈ, ਗਵਾਰ ਹੈ। ਗੁਰ-ਫ਼ੁਰਮਾਨ ਹੈ:

**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥(ਅੰਗ ੧੧੨੭)**

ਜਾਤ-ਪਾਤ ਦਾ ਹੰਕਾਰ ਕਰਨਾ ਮੂਰਖਾਂ ਤੇ ਗਵਾਰਾਂ ਦਾ ਕੰਮ ਹੈ। ਸਿਆਣੇ ਮਨੁੱਖਾਂ ਦਾ ਨਹੀਂ, ਗਿਆਨੀਆਂ ਦਾ ਨਹੀਂ। ਗਿਆਨੀਆਂ ਦਾ ਕੰਮ ਹੈ ਸਾਰੀ ਲੋਕਾਈ ਨੂੰ ਇੱਕੋ ਤਰ੍ਹਾਂ ਦੇਖਣਾ, ਸਭ ਨੂੰ ਪਿਆਰ ਭਰੀ ਨਿਗਾਹ ਨਾਲ ਦੇਖਣਾ। ਪਰ ਸੰਸਾਰ ਵਿਚ ਬਹੁਤਾਤ ਇਸ ਤਰ੍ਹਾਂ ਦੀ ਸੋਚ ਵਾਲੇ ਲੋਕਾਂ ਦੀ ਹੋ ਗਈ ਜੋ ਜਾਤ ਦੇ ਹੰਕਾਰ ਵਿਚ ਚੂਰ ਸਨ। ਜਿਨ੍ਹਾਂ ਨੇ ਜਾਤ-ਪਾਤ, ਊਚ-ਨੀਚ ਦੇ ਭੇਦ-ਭਾਵ ਨੂੰ ਇੰਨੀ ਹਵਾ ਦਿੱਤੀ ਕਿ ਊਚਕਹਾਉਣ ਵਾਲਿਆਂ ਨੇ ਤਾਂ ਆਪਣੇ ਆਪ ਨੂੰ ਸ੍ਰੇਸ਼ਟ ਦੱਸਣਾ ਹੀ ਸੀ। ਕਥਿਤ ਨੀਚ ਵੀ ਆਪਣੇ-ਆਪ ਨੂੰ ਨੀਚ ਸਮਝ ਕੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਤੋਂ ਹਟ ਗਏ। ਅਮੀਰਾਂ ਦੇ, ਉੱਚੀ-ਜਾਤ ਵਾਲਿਆਂ ਦੇ, ਧਨ ਦੇ ਅਭਿਮਾਨੀਆਂ ਦੇ ਡਰ ਅੱਗੇ ਸਹਿਮ ਗਏ ਅਤੇ ਕਿਸੇ ਨਾ ਕਿਸੇ ਤਰ੍ਹਾਂ ਦੱਬੀ-ਘੱਟੀ ਜ਼ਿੰਦਗੀ ਜੀਉਣ ਵਿਚ ਹੀ ਪਰਮਾਤਮਾ ਦੀ ਮਰਜ਼ੀ ਸਮਝਣ ਲੱਗੇ ਅਤੇ ਅਮੀਰ ਤਬਕਾ, ਕਥਿਤ ਉੱਚ ਜਾਤੀਏ, ਜਾਤ-ਅਭਿਮਾਨੀ ਲੋਕ ਇਨ੍ਹਾਂ ਲੋਕਾਂ ਦੀ ਮਾਨਸਿਕਤਾ ਡਿੱਗਦੀ ਵੇਖ ਕੇ ਹੱਸਦੇ। ਉਹ ਤਮਾਸ਼ਬੀਨ ਬਣ ਕੇ ਗ਼ਰੀਬਾਂ ਦੀ ਤਰਸਯੋਗ ਹਾਲਤ 'ਤੇ ਵਿਅੰਗ ਕੱਸਦੇ। ਜਾਤ-ਪਾਤ ਦਾ ਨਾਂ ਲੈ ਕੇ ਵਿਅੰਗ ਕੱਸਦੇ ਅਤੇ ਦੂਸਰੇ ਨੂੰ (ਕਥਿਤ ਨੀਚਾਂ ਨੂੰ) ਦੁਖੀ ਕਰ ਕੇ ਖ਼ੁਦ ਅਨੰਦ ਭਾਲਦੇ। ਅਨੰਦ ਮਾਣਨ ਦੀ ਕੋਸ਼ਿਸ਼ ਕਰਦੇ ਜਿਸ ਨੂੰ ਭਗਤ ਕਬੀਰ ਜੀ ਨੇ ਵੀ ਕੁਝ ਇਸ ਤਰ੍ਹਾਂ ਬਿਆਨ ਕੀਤਾ ਹੈ:

**ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥(ਅੰਗ ੧੩੬੪)**

ਕਿਉਂਕਿ ਭਗਤ ਕਬੀਰ ਜੀ ਜੁਲਾਹਾ ਜਾਤ ਨਾਲ ਸੰਬੰਧ ਰੱਖਦੇ ਸਨ (ਜਾਤਿ ਜੁਲਾਹਾ ਮਤਿ ਕਾ ਧੀਰੁ...) ਇਸ ਲਈ ਸੁਭਾਵਕ ਸੀ ਕਿ ਅਰਾਮਪ੍ਰਸਤ ਵਿਹਲੜ ਦੂਜਿਆਂ ਦਾ ਲੁੱਟ ਕੇ ਖਾਣ ਵਾਲੇ ਜਾਤ-ਅਭਿਮਾਨੀ ਲੋਕ ਇਕ ਕਿਰਤੀ ਜੁਲਾਹੇ ਦੇ ਉੱਪਰ ਵਿਅੰਗ ਕੱਸਦੇ ਸਨ।ਆਪ ਜੀ ਫ਼ੁਰਮਾਨ ਕਰਦੇ ਹਨ ਕਿ ਸਾਰੇ ਜਾਤ-ਅਭਿਮਾਨੀ ਭਾਵੇਂ ਮੇਰੀ ਜਾਤ ਉੱਪਰ ਹੱਸਦੇ ਹਨ ਪਰ ਉਨ੍ਹਾਂ ਆਖਿਆ ਕਿ ਮੈਨੂੰ ਇਸ ਗੱਲ ਦੀ ਚਿੰਤਾ ਕੋਈ ਨਹੀਂ, ਮੈਨੂੰ ਤਾਂ ਆਪਣੀ ਜਾਤ ਚੰਗੀ ਲੱਗਦੀ ਹੈ ਕਿਉਂਕਿ ਮੈਂ ਜਾਤ-ਅਭਿਮਾਨ ਦੇ ਵਿਚ ਪੈ ਕੇ ਪਰਮਾਤਮਾ ਨੂੰ ਭੁੱਲਣੋਂ ਬਚ ਗਿਆ ਅਤੇ ਮੇਰਾ ਜੀਵਨ ਉਸ ਸਿਰਜਣਹਾਰ ਨੂੰ ਜਪਦੇ ਹੋਏ ਸਿਰਜਣਹਾਰ ਦੀ ਸਿਫ਼ਤ-ਸਲਾਹ ਕਰਦੇ ਹੋਏ ਬਤੀਤ ਹੋ ਰਿਹਾ ਹੈ:

**ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥(ਅੰਗ ੧੩੬੪)**

ਭਾਵ ਮੇਰੀ ਜਾਤ ਨੂੰ ਲੋਕ (ਜਾਤ-ਅਭਿਮਾਨੀ) ਸਾਰੇ ਹੱਸਦੇ ਹਨ ਪਰ ਮੈਂ ਤਾਂ ਬਲਿਹਾਰੇ ਜਾਂਦਾ ਹਾਂ ਕਿਉਂਕਿ ਇਸ ਵਿਚ ਮੈਂ ਪਰਮਾਤਮਾ ਨੂੰ ਜਪਣਾ ਕੀਤਾ ਹੈ। ਇਸ ਨਾਲ ਉਨ੍ਹਾਂ ਨੇ ਜਾਤ-ਅਭਿਮਾਨੀਆਂ ਨੂੰ ਮੂੰਹ-ਤੋੜ ਜਵਾਬ ਦਿੱਤਾ। ਪਰ ਜਾਤ-ਅਭਿਮਾਨੀਆਂ ਦੇ ਅਹੰਕਾਰ ਨੂੰ ਤੋੜਨ ਲਈ ਵੱਡੇ ਪੱਧਰ 'ਤੇ ਦਲਿਤਾਂ ਨੂੰ ਉੱਚਾ ਚੁੱਕਣ ਦੀ ਜ਼ਰੂਰਤ ਸੀ, ਉਨ੍ਹਾਂ ਦੇ ਅੰਦਰੋਂ ਡਰ ਖ਼ਤਮ ਕਰਨ ਦੀ ਜ਼ਰੂਰਤ ਸੀ। ਇਹ ਸਾਰਾ ਕੰਮ ਆਸਾਨ ਨਹੀਂ ਸੀ। ਇਸ ਲਈ ਨਿਡਰ ਸੋਚ ਦੀ ਜ਼ਰੂਰਤ ਸੀ। ਜਾਤ-ਪਾਤ ਦੇ ਨਾਲ ਨਾਲ ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਸਭ ਹਾਲਤਾਂ ਨੂੰ ਠੀਕ ਕਰਨ ਦੀ ਜ਼ਰੂਰਤ ਸੀ। ਇਸ ਸਮੇਂ ਇਸ ਮਨੁੱਖਤਾ ਨੂੰ ਬਚਾਉਣ ਲਈ, ਆਮ ਆਦਮੀ ਨੂੰ ਉੱਚਾ ਚੁੱਕਣ ਲਈ, ਮਨੁੱਖਤਾ ਦੇ ਰਹਿਬਰ, ਸਾਰੀ ਲੋਕਾਈ ਦੇ ਪੀਰ, ਸਭਦੇ ਸਾਂਝੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਜਿਨ੍ਹਾਂ ਨੇ ਬਚਪਨ ਤੋਂ ਹੀ ਧਾਰਮਿਕ ਅਤੇ ਸਮਾਜਿਕ ਕੁਰੀਤੀਆਂ ਦਾ ਡੱਟ ਕੇ ਵਿਰੋਧ ਕੀਤਾ ਅਤੇ ਮਨੁੱਖਤਾ ਦੇ ਭਲੇ ਦੀ ਗੱਲ ਕੀਤੀ ਅਤੇ ਸਾਰਿਆਂ ਨੂੰ ਇੱਕੋ ਪਰਮਾਤਮਾ ਦੀ ਅੰਸ਼ ਦੱਸਿਆ ਅਤੇ ਆਖਿਆ:

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥(ਅੰਗ ੨)**

ਸਾਰੀ ਲੋਕਾਈ ਨੂੰ ਇੱਕੋ ਦੇ ਲੜ ਲਾਇਆ ਅਤੇ ਫ਼ੁਰਮਾਨ ਕੀਤਾ:

**ਮੇਰੇ ਮਨ ਏਕਸ ਸਿਉ ਚਿਤੁ ਲਾਇ ॥ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥(ਅੰਗ ੪੪)**

ਭਾਵ ਕਿ ਸਾਰੇ ਜੀਵ ਪਰਮਾਤਮਾ ਦੀ ਰਚਨਾ ਹਨ। ਜਿਵੇਂ ਭਗਤ ਕਬੀਰ ਜੀ ਵੀ ਆਖਦੇ ਹਨ ਕਿ ਚਾਹੇ ਤੂੰ ਉੱਚੀ ਜਾਤ ਦਾ ਹੈਂ, ਚਾਹੇ ਨੀਵੀਂ ਦਾ, ਪਰ ਸਾਰਿਆਂ ਦੇ ਪੈਦਾ ਹੋਣ ਦਾ ਢੰਗ ਇੱਕੋ ਹੀ ਹੈ:-

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ਤਉ ਆਨ ਬਾਟ ਕਾਹੇ ਨਹੀ ਆਇਆ ॥(ਅੰਗ ੩੨੪)**

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ (ਅੰਗ ੧੩੪੯)**

ਸਾਰੀ ਲੋਕਾਈ ਨੂੰ 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ' ਦਾ ਸੰਦੇਸ਼ ਦੇਣ ਦੇ ਨਾਲ-ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਕੌਮ ਨੂੰ ਪ੍ਰਯੋਗੀ ਤੌਰ 'ਤੇ ਵੀ ਅਪਣਾਇਆ ਤਾਂ ਕਿ ਜੋ ਜਾਤ-ਪਾਤ, ਊਚ-ਨੀਚ, ਛੂਤ-ਛਾਤ ਦਾ ਵਹਿਮ-ਭਰਮ ਲੋਕਾਂ ਦੇ ਮਨਾਂ ਵਿਚ ਪਿਆ ਖੜ੍ਹਾ ਸੀ, ਉਹ ਦੂਰ ਹੋ ਸਕੇ। ਇਸ ਲਈ ਲੋਕਾਈ ਨੂੰ ਇਸ ਉਪਦੇਸ਼ ਨੂੰ ਦ੍ਰਿੜ੍ਹ ਕਰਵਾਉਣ ਲਈ ਆਪ ਜੀ ਨੇ ਇਕ ਅਖੌਤੀ ਮਿਰਾਸੀ ਜਾਤ ਦੇ ਭਾਈ ਮਰਦਾਨਾ ਜੀ ਨੂੰ ਧਾਰਮਿਕ ਸੰਗੀਤ ਨੂੰ ਸੁਰਜੀਤ ਕਰਨ ਲਈ ਆਪਣੇ ਨਾਲ ਲਿਆ।

ਭਾਈ ਮਰਦਾਨਾ ਜੀ ਰਬਾਬ ਵਜਾਉਣ ਵਿਚ ਬਹੁਤ ਮੁਹਾਰਤ ਰੱਖਦੇ ਸਨ। ਫਿਰ ਭਾਈ ਮਰਦਾਨਾ ਜੀ ਦੀ ਰਬਾਬ ਤੇ ਬਾਬੇ ਦੇ ਸ਼ਬਦ ਨੇ ਅਜਿਹਾ ਨਜ਼ਾਰਾ ਪੇਸ਼ ਕੀਤਾ ਜਿਸ ਦਾ ਬਦਲ ਸੰਸਾਰ ਦੇ ਵਿਚ ਨਾ ਪਹਿਲਾਂ ਕਦੇ ਮਿਲਦਾ ਸੀ, ਨਾ ਹੁਣ ਮਿਲਦਾ ਹੈ ਅਤੇ ਨਾ ਹੀ ਅੱਗੋਂ ਮਿਲੇਗਾ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਸੰਗਤਾਂ ਨੂੰ ਦਿੱਤਾ ਅਤੇ ਜੋ ਅਨੰਦ ਸ਼ਬਦ ਦਾ ਉਨ੍ਹਾਂ ਦੀ ਰਸਨਾ ਤੋਂ ਆਉਂਦਾ ਹੈ, ਉਸ ਨੂੰ ਸਦੀਵੀ ਰੱਖਣ ਲਈ ਆਪ ਜੀ ਨੇ ਸ਼ਬਦ ਨੂੰ ਸੰਗੀਤ ਅਨੁਸਾਰ ਗਾਇਨ ਕਰਨ ਦੀ ਵਿਧੀ ਚਲਾਈ ਅਤੇ ਉਨ੍ਹਾਂ ਤੋਂ ਬਾਅਦ ਵੀ ਮਨ-ਤਨ ਕਰਕੇ ਕੀਰਤਨ ਗਾਇਨ ਕਰਨ ਵਾਲਿਆਂ ਜੇ ਨੂੰ ਅਤੇ ਸੁਣਨ ਵਾਲਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਗਾਇਨ ਕਰਦੇ ਸਮੇਂ ਉਹੋ ਅਨੰਦ ਪ੍ਰਾਪਤ ਹੁੰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਭਾਈ ਮਰਦਾਨਾ ਜੀ ਦੀ ਰਬਾਬ ਨੇ ਅਜਿਹੀ ਕਰਾਮਾਤ ਕੀਤੀ ਜਿਸ ਨਾਲ ਸੱਜਣ ਵਰਗੇ ਠੱਗੀਆਂ ਮਾਰਨ ਵਾਲੇ ਵਿਅਕਤੀ ਦੇ ਅੰਦਰ ਪ੍ਰਕਾਸ਼ ਹੋ ਗਿਆ ਅਤੇ ਉਹ ਭਾਈ ਸੱਜਣ ਬਣ ਗਿਆ। ਕੌਡੇ ਭੀਲ ਵਰਗੇ ਆਦਮਖੋਰ ਸ਼ਬਦ ਦੇ ਪ੍ਰਭਾਵ ਹੇਠ ਬਾਬੇ ਦੀ ਸ਼ਰਨ ਆ ਗਏ। ਜਿਨ੍ਹਾਂ ਲੋਕਾਂ ਦੀ ਕਿਤੇ ਸੁਣਵਾਈ ਨਹੀਂ ਸੀ, ਉਨ੍ਹਾਂ ਨੂੰ ਸਹਾਰਾ ਮਿਲ ਗਿਆ।ਜ਼ਿੰਦਗੀ ਨੂੰ ਸੁਚਾਰੂ ਢੰਗ ਨਾਲ ਜੀਉਣ ਦਾ ਤਰੀਕਾ ਮਿਲ ਗਿਆ। ਕੋਈ ਵੀ ਸ਼ਬਦ ਦੇ ਪ੍ਰਭਾਵ ਤੋਂ ਅਛੂਤਾ ਨਾ ਰਹਿੰਦਾ, ਜੋ ਸੁਣਦਾ ਮੰਤਰ-ਮਗਧ ਹੋ ਜਾਂਦਾ ਅਤੇ ਜਿਹੜਾ ਸ਼ਬਦ 'ਤੇ ਸ਼ਰਧਾ ਧਾਰਦਾ, ਸ਼ਬਦ ਨੂੰ ਹਿਰਦੇ ਵਿਚ ਵਸਾ ਲੈਂਦਾ ਉਹ ਫਿਰ ਨਿਡਰ ਅਤੇ ਸਾਫ਼-ਸਥਰੇ ਆਚਰਨ ਵਾਲਾ ਜੀਵਨ ਬਤੀਤ ਕਰਦਾ ਅਤੇ ਆਮ ਲੋਕਾਈ ਦੀ ਸੇਵਾ ਲਈ ਸਦਾ ਤਤਪਰ ਰਹਿੰਦਾ। ਸੀ ਗੁਰੂ ਨਾਨਕ ਦੇਵ ਜੀ ਨੇ ਵੀ ਆਪਣੇ ਸੇਵਕਾਂ ਦਾ ਪੂਰਾ ਸਾਥ ਦਿੰਦੇ ਹੋਏ ਅਭਿਮਾਨੀਆਂ ਨੂੰ ਵੱਡੀਆਂ ਚੁਣੌਤੀਆਂ ਦਿੱਤੀਆਂ। ਇਸ ਦੇ ਉਨਾਂ ਦੀ ਬਾਣੀ ਅਤੇ ਉਨ੍ਹਾਂ ਦੇ ਜੀਵਨ ਵਿੱਚੋਂ ਕਈ ਥਾਈਂ ਸਬੂਤ ਮਿਲਦੇ ਹਨ। ਬਾਬਰ ਨੂੰ ਜਾਬਰ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਕਹਿ ਸਕਦੇ ਸਨ। ਉਨਾਂ ਨੇ ਜੋ ਉਪਦੇਸ਼ ਦਿੱਤੇ ਉਨਾਂ ਨੂੰ ਪ੍ਰਯੋਗੀ ਤੌਰ 'ਤੇ ਕਰ ਕੇ ਵਿਖਾਇਆ। ਜਦੋਂ ਐਮਨਾਬਾਦ ਵਿਚ ਗੁਰੂ ਜੀ ਨੂੰ ਮਲਿਕ ਭਾਗੋ ਸੇਠ ਨੇ ਆਪਣੇ ਘਰ ਬ੍ਰਹਮ ਭੋਜ 'ਤੇ ਬੁਲਾਇਆ ਕਿ ਬਹੁਤ ਸਾਰੇ ਰਿਸ਼ੀ-ਮੁਨੀ, ਸਾਧੂ ਤੇ ਤਪੱਸਵੀ ਇਸ ਲੰਗਰ ਨੂੰ ਛਕਣ ਲਈ ਆ ਰਹੇ ਹਨ ਤਾਂ ਉਨ੍ਹਾਂ ਨੂੰ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਤੇਰੀ ਰੋਟੀ ਵਿਚ, ਤੇਰੇ ਪਕਵਾਨਾਂ ਵਿਚ, ਤੇਰੀ ਮਾਇਆ ਵਿਚ ਗ਼ਰੀਬਾਂ ਦੀ ਰੱਤ ਮਿਲੀ ਹੋਈ ਹੈ। ਤੂੰ ਇਹ ਸਾਰੀ ਧਨ-ਦੌਲਤ ਆਮ ਲੋਕਾਂ ਦਾ, ਗ਼ਰੀਬਾਂ ਦਾ, ਮਜ਼ਲੂਮਾਂ ਦਾ ਖ਼ੂਨ ਚੂਸ ਕੇ ਭਾਵ ਗ਼ਲਤ ਢੰਗ ਨਾਲ ਉਨ੍ਹਾਂ ਪਾਸੋਂ ਖੋਹ ਕੇ ਬਣਾਈ ਹੈ ਅਤੇ ਆਖਿਆ ਕਿ ਅਜਿਹੀ ਦੌਲਤ ਵਾਲੇ ਭੋਜਨ ਛਕਣ ਦੀ ਕੋਈ ਲਾਲਸਾ ਨਹੀਂ ਜੋ ਮਿਹਨਤ ਅਤੇ ਹੱਕ ਦੀ ਕਮਾਈ ਵਾਲੀ ਨਾ ਹੋਵੇ । ਸ੍ਰੀ ਗੁਰੂ ਨਾਨਕ ਦੇਵ ਜੀ ਮਲਿਕ ਭਾਗੋ ਦੇ ਸੱਦੇ ਨੂੰ ਕਰੜੇ ਸ਼ਬਦਾਂ ਵਿਚ ਨਾ-ਮਨਜ਼ੂਰ ਕਰ ਕੇ ਇਕ ਗ਼ਰੀਬ ਕਿਰਤੀ ਭਾਈ ਲਾਲੋ ਦੇ ਘਰ ਜਾ ਬਿਰਾਜੇ। ਗੁਰੂ ਜੀ ਦਾ ਇਹ ਇਨਕਾਰ ਕੋਈ ਇਕ ਕੁਰੀਤੀ 'ਤੇ ਚੋਟ ਮਾਰਨ ਵਾਲਾ ਨਹੀਂ ਸੀ। ਇਸ ਨਾਲ ਉਨ੍ਹਾਂ ਮਲਿਕ ਭਾਗੋ ਦੇ ਭੋਜ ਨੂੰ ਇਨਕਾਰ ਕਰ ਕੇ ਗ਼ਰੀਬ ਕਿਰਤੀ ਭਾਈ ਲਾਲੋ ਦੇ ਘਰ ਜਾ ਕੇ ਜਾਤ-ਅਭਿਮਾਨੀਆਂ ਉੱਪਰ ਚੋਟ ਤਾਂ ਮਾਰੀ ਹੀ, ਨਾਲ ਹੀ ਉਨ੍ਹਾਂ ਨੇ ਅਖੌਤੀ ਸੰਤਾਂ, ਤਪੱਸਵੀਆਂ ਦੇ ਗਰੂਰ ਉੱਪਰ ਵੀ ਚੋਟ ਮਾਰੀ ਅਤੇ ਆਖਿਆ ਕਿ ਤੁਹਾਡਾ ਇਸ ਤਰ੍ਹਾਂ ਅਮੀਰਾਂ ਦੇ ਘਰੀਂ ਭੋਜਨ ਕਰਨਾ, ਸਲਾਹੁਤਾ ਕਰਨੀ, ਗ਼ਰੀਬ ਕਿਰਤੀਆਂ ਨੂੰ ਸ਼ੂਦਰ ਆਖਣਾ ਅਤੇ ਆਪਣੇ ਆਪ ਨੂੰ ਉੱਚਾ ਦੱਸਣਾ ਉਸ ਪਰਮਾਤਮਾ ਦੇ ਹੁਕਮ ਅਤੇ ਉਸ ਦੀ ਕੁਦਰਤ ਦੇ ਉਲਟ ਹੈ।ਤੁਸੀਂ ਆਪਣੇ ਆਪ ਨੂੰ ਧਰਮ-ਪ੍ਰਚਾਰਕ ਅਤੇ ਧਾਰਮਿਕ ਆਗੂ ਆਖਦੇ ਹੋ ਪਰ ਕਰ ਤੁਸੀਂ ਅਧਰਮ ਰਹੇ ਹੋ। ਲੋਕਾਈ ਨੂੰ ਜਾਤ-ਪਾਤ ਵਿਚ ਵੰਡ ਰਹੇ ਹੋ। ਉਨ੍ਹਾਂ ਸਖ਼ਤ ਸ਼ਬਦਾਂ ਵਿਚ ਫ਼ੁਰਮਾਨ ਕੀਤਾ:

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥**
**(ਅੰਗ ੧੫)**

ਭਾਵ ਕਿ ਮੈਨੂੰ ਐਸੀ ਉੱਚੀ ਜਾਤ ਜਿਸ ਕਾਰਨ ਸਮਾਜ ਕਈ ਤਰ੍ਹਾਂ ਨਾਲ ਵੰਡਿਆ ਜਾਂਦਾ ਹੈ, ਮਨਜ਼ੂਰ ਨਹੀਂ। ਮੇਰਾ ਤਾਂ ਗੁਜ਼ਰ-ਬਸਰ, ਰਹਿਣ-ਸਹਿਣ ਆਮ ਲੋਕਾਂ ਨਾਲ ਹੈ, ਜਾਤ-ਅਭਿਮਾਨੀਆਂ ਨਾਲ ਮੇਰਾ ਕੋਈ ਵਾਸਤਾ ਨਹੀਂ ਅਤੇ ਕਹਿ ਦਿੱਤਾ ਕਿ ਜਿੱਥੇ ਨੀਵਿਆਂ ਦੀ ਸਾਂਭ-ਸੰਭਾਲ ਹੁੰਦੀ ਹੈ ਉਥੇ ਤੇਰੀ ਮਿਹਰ ਰਹਿੰਦੀ ਹੈ, ਭਾਵ ਕਿ ਪਰਮਾਤਮਾ ਦੀ ਮਿਹਰ ਰਹਿੰਦੀ ਹੈ। ਆਪ ਜੀ ਨੇ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਜੋ ਜਾਤ-ਅਭਿਮਾਨੀ ਨੀਚ ਦੱਸਦੇ ਹਨ ਅਜਿਹੇ ਲੋਕਾਂ ਦਾ ਹਾਲ ਕੁਝ ਇਸ ਤਰ੍ਹਾਂ:

**ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥**
**ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥(ਅੰਗ ੧੫)**

ਭਾਵ ਕਿ ਤੇਰੇ ਅੰਦਰ ਲੋਭ ਕੁੱਤਾ ਹੈ ਅਤੇ ਝੂਠ ਚੂਹੜਾ ਹੈ। ਜੋ ਤੂੰ ਲੋਕਾਈ ਨੂੰ ਠੱਗ ਕੇ ਖਾ ਰਿਹਾ ਹੈਂ, ਇਹ ਮੁਰਦਾ ਖਾਣ ਦੇ ਬਰਾਬਰ ਹੈ। ਜਾਤ-ਅਭਿਮਾਨੀਆਂ ਦੇ ਹੰਕਾਰ 'ਤੇ, ਉਨ੍ਹਾਂ ਦੇ ਦਿਲਾਂ 'ਤੇ, ਮਨਾਂ 'ਤੇ ਇਹ ਇਕ ਵੱਡੀ ਸੱਟ ਸੀ ਜੋ ਗੁਰੂ ਨਾਨਕ ਸਾਹਿਬ ਨੇ ਆਪਣੇ ਬਚਨਾਂ ਦੁਆਰਾ ਆਪਣੀ ਬਾਣੀ ਦੁਆਰਾ, ਅਤੇ ਆਪਣੇ ਨਾਲ ਆਮ ਲੋਕਾਂ ਨੂੰ ਜੋੜ ਕੇ ਮਾਰੀ ਸੀ। ਆਮ ਲੋਕਾਂ ਦੇ ਹੱਕ ਵਿਚ ਬੋਲਣਾ ਅਤੇ ਸੱਚੀ ਗੱਲ ਕਰਨਾ ਜਿਵੇਂ ਕਿ ਸਿੱਧਾਂ ਨੂੰ ਆਖ ਦਿੱਤਾ:

**ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥(ਅੰਗ ੯੧)**

ਇਹ ਗੱਲ ਸੁਣ ਕੇ ਜਾਤ-ਅਭਿਮਾਨੀਆਂ ਤੇ ਕੱਟੜਪੰਥੀਆਂ ਨੇ ਆਪ ਜੀ ਦੇ ਖ਼ਿਲਾਫ਼ ਲੋਕਾਂ ਵਿਚ ਕੂੜ-ਪ੍ਰਚਾਰ ਕਰ ਦਿੱਤਾ। ਗੁਰੂ ਜੀ ਆਪਣੀ ਬਾਣੀ ਵਿਚ ਵੀ ਫ਼ਰਮਾਉਂਦੇ ਹਨ: **ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥(ਅੰਗ ੯੯੧)**

ਉਨ੍ਹਾਂ ਨੇ ਆਪ ਨੂੰ ਭੂਤਨਾ ਤੇ ਬੇਤਾਲਾ ਵੀ ਆਖਿਆ ਅਤੇ ਇਹ ਪ੍ਰਚਾਰ ਕੀਤਾ ਕਿ ਇਹ ਆਦਮੀ ਜਾਂ ਤਾਂ ਪਾਗਲ ਹੈ ਜਾਂ ਪੁਰਾਤਨ ਚਲੀਆਂ ਆ ਰਹੀਆਂ ਸਮਾਜਿਕ ਰਸਮਾਂ ਦਾ ਵਿਰੋਧੀ ਹੈ ਜੋ ਇਹ ਬੇਸਿਰ-ਪੈਰ ਦੀਆਂ ਗੱਲਾਂ ਕਰਦਾ ਹੈ। ਇਹ ਸਮਾਜਿਕ ਅਤੇ ਧਾਰਮਿਕ ਦ੍ਰਿਸ਼ਟੀਕੋਣ ਤੋਂ ਸਹੀ ਨਹੀਂ ਹਨ ਪਰ ਇਹ ਇਲਜ਼ਾਮ ਅਤੇ ਵਿਰੋਧਤਾ ਸਤਿਗੁਰਾਂ ਦੇ ਇਰਾਦੇ ਨੂੰ ਡਗਮਗਾ ਨਹੀਂ ਸਕੇ। ਸਤਿਗੁਰਾਂ ਨੇ ਨਿਡਰ ਸੋਚ ਦਾ ਸਬੂਤ ਦਿੱਤਾ ਅਤੇ ਅਭਿਮਾਨੀਆਂ ਨੂੰ ਸਿੱਧੇ ਸ਼ਬਦਾਂ ਵਿਚ ਆਖਿਆ:

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥(ਅੰਗ ੧੪੦)**

ਇਸ ਤਰ੍ਹਾਂ ਆਪ ਜੀ ਨੇ ਗ਼ਰੀਬਾਂ ਅਤੇ ਮਜ਼ਲੂਮਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਅਤੇ ਸੱਚ ਦਾ ਮਾਰਗ ਦ੍ਰਿੜ੍ਹ ਕਰਵਾਇਆ। ਉਪਦੇਸ਼ ਦਿੱਤਾ ਕਿ:ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥(ਅੰਗ ੧੨੪੫)

**-ਭਾਈ ਪਰਮਜੋਤ ਸਿੰਘ**

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਟੀਵੀਐਸ ਕੰਪਨੀ ਵੱਲੋਂ 4 ਦੋ ਪਹੀਆ ਵਾਹਨ ਭੇਟ

## ਸ਼੍ਰੋਮਣੀ ਕਮੇਟੀ ਵੱਲੋਂ ਟੀਵੀਐਸ ਕੰਪਨੀ ਦੇ ਅਧਿਕਾਰੀਆਂ ਨੂੰ ਕੀਤਾ ਸਨਮਾਨਿਤ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਅੱਜ ਟੀਵੀਐਸ ਕੰਪਨੀ ਵੱਲੋਂ ਚਾਰ ਦੋ ਵਾਹੀਆ ਵਾਹਨ ਭੇਟ ਕੀਤੇ ਗਏ। ਇਸ ਵਿਚ 1 ਅਪਾਚੇ ਆਰਟੀਐਕਸ ਮੋਟਰਸਾਈਕਲ, 1 ਟੀਵੀਐਸ ਜੂਪੀਟਰ, 1 ਟੀਵੀਐਸ ਐਨ ਟੋਰਕ ਅਤੇ 1 ਬੈਟਰੀ ਵਾਲੀ ਆਰਬਿਟ ਸਕੂਟੀ ਸ਼ਾਮਲ ਹੈ। ਇਨ੍ਹਾਂ ਵਾਹਨਾਂ ਦੀਆਂ ਚਾਬੀਆਂ ਟੀਵੀਐਸ ਕੰਪਨੀ ਦੇ ਅਧਿਕਾਰੀਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ ਅਤੇ ਸ੍ਰੀ ਦਰਬਾਰ ਸਾਹਿਬ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਨੂੰ ਸੌਂਪੀਆਂ ਗਈਆਂ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਜਿਥੇ ਸ਼ਰਧਾਲੂਆਂ ਵੱਲੋਂ ਵੱਖ-ਵੱਖ ਸੇਵਾਵਾਂ ਵਿਚ ਹਿੱਸਾ ਪਾਇਆ ਜਾਂਦਾ ਹੈ, ਉਥੇ ਹੀ ਬਹੁਤ ਸਾਰੀਆਂ ਕੰਪਨੀਆਂ ਵੀ ਆਪਣੇ ਨਵੇਂ ਵਹੀਕਲ ਭੇਟ ਕਰਕੇ ਸ਼ਰਧਾ ਪ੍ਰਗਟਾਉਂਦੀਆਂ ਹਨ। ਇਸੇ ਤਹਿਤ ਹੀ ਅੱਜ ਟੀਵੀਐਸ ਕੰਪਨੀ ਵੱਲੋਂ ਚਾਰ ਦੋ ਪਹੀਆ ਵਾਹਨ ਭੇਟਾ ਕਰਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਗਿਆ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਟੀਵੀਐਸ ਕੰਪਨੀ ਅਤੇ ਅੰਮ੍ਰਿਤਸਰ ਵਿਚਲੇ ਵਿਕਰੇਤਾ ਨਾਵਲਟੀ ਟੀਵੀਐਸ, ਪ੍ਰਭਾਵ ਟੀਵੀਐਸ ਅਤੇ ਬਾਲਾ ਜੀ ਟੀਵੀਐਸ ਵੱਲੋਂ ਪੁੱਜੇ ਸ. ਲਵਤੇਜ ਸਿੰਘ ਸਚਦੇਵਾ, ਸ੍ਰੀ ਵਿਮਲ ਸੁੰਬਲੀ, ਸ੍ਰੀ ਸ਼ਿਵ ਸਵਰੂਪ ਜੌਹਰੀ, ਸ੍ਰੀ ਵਿਕਾਸ ਸਿੱਕਾ ਅਤੇ ਸ੍ਰੀ ਅਯੂਸ ਜੈਨ ਤੇ ਹੋਰ ਅਧਿਕਾਰੀਆਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਸਤਨਾਮ ਸਿੰਘ ਰਿਆੜ, ਸ. ਰਾਜਿੰਦਰ ਸਿੰਘ ਰੂਬੀ, ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇ◌ੇਜਰ ਸ. ਗੁਰਤਿੰਦਰਪਾਲ ਸਿੰਘ ਕਾਦੀਆਂ ਵੀ ਮੌਜੂਦ ਸਨ



# ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਵੇਗੀ ਏ.ਆਈ.ਲੰਗਰ ਜੋ ਪੰਜਾਬ ਦੇ ਭਵਿੱਖ" ਦਾ ਬਣੇਗਾ ਵਿਜ਼ਨ

## ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਵਿਸ਼ਵ ਪੰਜਾਬੀ ਕਾਨਫਰੰਸ ਐਲਾਨਨਾਮੇ "ਪੰਜਾਬ ਦੇ ਭਵਿੱਖ ਲਈ ਸੇਵਾ-ਅਧਾਰਿਤ ਤਕਨਾਲੋਜੀ ਦੀ ਇਕ ਨਵੀਂ ਸੋਚ" ਨਾਲ ਸਫਲਤਾਪੂਰਵਕ ਸੰਪੰਨ

ਪੰਜਾਬੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. ਕਰਮਜੀਤ ਸਿੰਘ ਜੀ ਦੀ ਦੂਰ ਅੰਦੇਸ਼ੀ ਸੋਚ ਅਤੇ ਪੰਜਾਬੀ ਮਾਂ ਬੋਲੀ ਪ੍ਰਤੀ ਸਤਿਕਾਰ ਭੇਂਟ ਕਰਦਿਆਂ ਹੋਇਆਂ ਕਰਵਾਈ ਗਈ ਤਿੰਨ ਰੋਜਾ ਵਿਸ਼ਵ ਪੰਜਾਬੀ ਕਾਨਫਰੰਸ ਪੰਜਾਬ ਦੇ ਭਵਿੱਖ ਲਈ ਸੇਵਾ-ਅਧਾਰਿਤ ਤਕਨਾਲੋਜੀ ਦੀ ਇਕ ਨਵੀਂ ਸੋਚ ਐਲਾਨਨਾਮੇ ਨਾਲ ਸਫਲਤਾਪੂਰਵਕ ਸਮਾਪਤ ਹੋਈ।ਡਾ ਕਰਮਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ "ਵਿਸ਼ਵ ਪੰਜਾਬੀ ਕਾਨਫਰੰਸ ਸਿਰਫ਼ ਵਿਚਾਰ-ਵਟਾਂਦਰੇ ਦਾ ਮੰਚ ਨਹੀਂ, ਸਗੋਂ ਵਿਸ਼ਵ ਭਰ ਦੇ ਪੰਜਾਬੀਆਂ ਨੂੰ ਇੱਕ ਮੰਚ ਤੇ ਲਿਆ ਕੇ ਸਾਂਝੀ ਸੋਚ ਨੂੰ ਮਜਬੂਤ ਕਰਨ ਦਾ ਉਪਰਾਲਾ ਹੈ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਆਧੁਨਿਕ ਤਕਨਾਲੋਜੀ ਨਾਲ ਜੋੜਨਾ ਸਮੇਂ ਦੀ ਲੋੜ ਹੈ, ਤਾਂ ਜੋ ਅਸੀਂ ਭਵਿੱਖ ਦੀਆਂ ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰ ਸਕੀਏ।" ਉਨ੍ਹਾਂ ਨੇ ਇਸ ਮੌਕੇ "ਏਆਈ ਲੰਗਰ: ਪੰਜਾਬ ਦਾ ਭਵਿੱਖ" ਦੇ ਵਿਜ਼ਨ ਨੂੰ ਉਜਾਗਰ ਕਰਦਿਆਂ ਕਿਹਾ ਕਿ "ਜਿਵੇਂ ਲੰਗਰ ਦੀ ਪਰੰਪਰਾ ਸੇਵਾ ਅਤੇ ਸਮਾਨਤਾ ਦਾ ਪ੍ਰਤੀਕ ਹੈ, ਉਸੇ ਤਰ੍ਹਾਂ ਏਆਈ ਲੰਗਰ ਤਕਨਾਲੋਜੀ ਨੂੰ ਲੋਕ-ਹਿੱਤ ਅਤੇ ਸਮਾਜਿਕ ਭਲਾਈ ਦਾ ਸਾਧਨ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਆਪਣੇ ਇਸ ਮਕਸਦ ਨੂੰ ਹਾਸਲ ਕਰਨ ਲਈ ਇਕ ਅਜਿਹਾ ਰਾਜ-ਪੱਧਰੀ ਈਕੋਸਿਸਟਮ ਤਿਆਰ ਕਰਨਾ ਜਿਸ ਵਿਚ ਭਾਸ਼ਾ ਤਕਨਾਲੋਜੀ ਵਿਚ ਪੰਜਾਬੀ ਨੂੰ ਡਿਜੀਟਲ ਦੁਨੀਆ ਦੀ ਮੋਹਰੀ ਭਾਸ਼ਾ ਬਣਾਉਣਾਅਤੇ ਡਾਟਾ ਕਾਮਨਜ਼ ਲਈ ਪੰਜਾਬ ਦੇ ਸਾਂਝੇ ਡਾਟਾ ਸਰੋਤਾਂ ਦੀ ਰਾਖੀ ਅਤੇ ਸਹੀ ਵਰਤੋਂ ਕਰਨ ਤੋਂ ਇਲਾਵਾ ਹੁਨਰ ਵਿਕਾਸ:ਵਿਚ ਨੌਜਵਾਨਾਂ ਨੂੰ AI ਦੇ ਯੁੱਗ ਲਈ ਤਿਆਰ ਕਰਨਾ। ਨੈਤਿਕ ਮਿਆਰ ਦੇ ਲਈ ਤਕਨਾਲੋਜੀ ਦੀ ਵਰਤੋਂ ਵਿੱਚ ਪਾਰਦਰਸ਼ਤਾ ਅਤੇ ਇਨਸਾਫ਼ ਯਕੀਨੀ ਬਣਾਉਣਾ।ਇਹ ਉਪਰਾਲਾ ਪੰਜਾਬ ਨੂੰ ਸਵੈ-ਨਿਰਭਰ ਅਤੇ ਪ੍ਰਗਤੀਸ਼ੀਲ ਬਣਾਉਣ ਦੀ ਦਿਸ਼ਾ ਵਿੱਚ ਅਹਿਮ ਭੂਮਿਕਾ ਨਿਭਾਏਗਾ।"ਕਾਨਫਰੰਸ ਦੀ ਵਿਸ਼ੇਸ਼ਤਾ ਇਹ ਰਹੀ ਕਿ ਇਸ ਨੇ ਅਕਾਦਮਿਕ, ਸੱਭਿਆਚਾਰਕ ਅਤੇ ਤਕਨਾਲੋਜੀ ਦੇ ਖੇਤਰਾਂ ਨੂੰ ਇਕ ਸਾਂਝੇ ਮੰਚ ਤੇ ਇੱਕਜੁੱਟ ਕਰਕੇ ਭਵਿੱਖੀ ਯੋਜਨਾਬੰਦੀ ਲਈ ਮਜ਼ਬੂਤ ਅਧਾਰ ਪ੍ਰਦਾਨ ਕੀਤਾ। ਕਾਨਫਰੰਸ ਵਿਚ ਸ਼ਮੂਲੀਅਤ ਕਰਨ ਵਾਲੀਆਂ ਹਸਤੀਆਂ ਨੇ ਇਸਨੂੰ ਸਮੇਂ ਦੀ ਲੋੜ ਅਨੁਸਾਰ ਇੱਕ ਦੂਰਦਰਸ਼ੀ ਅਤੇ ਮਹੱਤਵਪੂਰਨ ਉਪਰਾਲਾ ਕਰਾਰ ਦਿੱਤਾ। ਤਿੰਨ ਰੋਜ਼ਾ ਵਿਸ਼ਵ ਪੰਜਾਬੀ ਕਾਨਫਰੰਸ ਦੇ ਸਮਾਪਤੀ ਸਮਾਰੋਹ ਦੌਰਾਨ ਦਿੱਤਾਉਨ੍ਹਾਂ ਨੇ ਇਸ ਕਾਨਫਰੰਸ ਰਾਹੀਂ ਪੰਜਾਬੀ ਭਾਸ਼ਾ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਨਾਲ ਜੋੜਨ ਦਾ ਇੱਕ ਤਿੰਨ ਨੁਕਾਤੀ ਨਵਾਂ ਵਿਜ਼ਨ ਪੇਸ਼ ਕੀਤਾ ਹੈ ਜਿਸ ਵਿਚ ਏਆਈ (AI) ਦੇ ਲੰਗਰ ਦਾ ਇੱਕ ਨਵਾਂ ਸੰਕਲਪ ਅਤੇ ਨਿਵੇਕਲਾ ਵਿਚਾਰ ਪੇਸ਼ ਕੀਤਾ। ਜਿਵੇਂ ਗੁਰੂ ਸਾਹਿਬ ਦਾ ਲੰਗਰ ਸਰੀਰ ਦੀ ਭੁੱਖ ਮਿਟਾਉਂਦਾ ਹੈ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਹੈ, ਉਵੇਂ ਹੀ 'ਏਆਈ ਦਾ ਲੰਗਰ' ਗਿਆਨ, ਰੁਜ਼ਗਾਰ ਅਤੇ ਤਕਨੀਕੀ ਮੁਹਾਰਤ ਦੀ ਭੁੱਖ ਮਿਟਾਏਗਾ। ਇਹ ਸਭ ਲਈ ਮੁਫ਼ਤ, ਪਾਰਦਰਸ਼ੀ ਅਤੇ ਸਹਿਜ ਹੋਵੇਗਾ।ਕਾਨਫਰੰਸ ਦੇ ਵਿਜ਼ਨ ਅਤੇ ਮਿਸ਼ਨ ਵਿਚ ਉਨ੍ਹਾਂ ਨੇ ਪੰਜਾਬੀ ਸਮਾਜ ਨੂੰ 'ਏਆਈ ਸਮਰੱਥ' ਬਣਾਉਣ ਲਈ ਚਾਰ ਮੁੱਖ ਨੁਕਤੇ ਰੱਖੇ ਜਿਸ ਭਾਸ਼ਾ ਟੈਕਨਾਲੋਜੀ ਨੂੰ ਪੰਜਾਬੀ ਨੂੰ ਡਿਜੀਟਲ ਦੁਨੀਆ ਦੀ ਮੂਹਰਲੀ ਕਤਾਰ ਦੀ ਭਾਸ਼ਾ ਬਣਾਉਣਾ।ਸਾਂਝਾ ਡੇਟਾ ਬੈਂਕ ਵਿਚ ਸਾਰੀਆਂ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਕੋਲ ਮੌਜੂਦ ਪੰਜਾਬੀ ਡੇਟਾ ਨੂੰ ਇਕੱਠਾ ਕਰਕੇ ਇੱਕ ਸਾਂਝਾ 'ਡਾਟਾ ਭੰਡਾਰ' ਬਣਾਉਣਾ।ਹੁਨਰ ਵਿਕਾਸ ਦੇ ਮਿਸ਼ਨ ਵਿਚ ਨੌਜਵਾਨਾਂ ਨੂੰ ਮਸ਼ੀਨ ਲਰਨਿੰਗ ਅਤੇ ਏ ਆਈ ਵਿੱਚ ਮਾਹਿਰ ਬਣਾਉਣਾ। ਉਨ੍ਹਾਂ ਦੱਸਿਆ ਕਿ ਇੱਕ ਅਮਰੀਕੀ ਯੂਨੀਵਰਸਿਟੀ ਨਾਲ ਸਮਝੌਤਾ ਹੋਇਆ ਹੈ ਜੋ 30 ਵਿਦਿਆਰਥੀਆਂ ਨੂੰ ਮੁਫ਼ਤ ਐਡਵਾਂਸ ਡਿਪਲੋਮਾ ਕਰਵਾਏਗੀ।ਨੈਤਿਕਤਾ ਨਾਲ ਤਕਨਾਲੋਜੀ ਦੀ ਵਰਤੋਂ ਵਿੱਚ ਪਾਰਦਰਸ਼ਤਾ ਅਤੇ ਨੈਤਿਕ ਮਿਆਰਾਂ ਨੂੰ ਕਾਇਮ ਰੱਖਣਾਤੇ ਜ਼ੋਰ ਦਿੰਦਿਆਂ ਉਨ੍ਹਾਂ ਤਕਨੀਕੀ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਕਿਹਾਕਿ ਕਈ ਵਾਰ ਏ ਆਈ ਬਹੁਤ ਹੀ ਆਤਮ-ਵਿਸ਼ਵਾਸ ਨਾਲ ਗਲਤ ਜਾਣਕਾਰੀ ਜਾਂ 'ਝੂਠ' ਪੇਸ਼ ਕਰ ਦਿੰਦੀ ਹੈ। ਸੂਝ ਦੇ ਨਾਲ ਇਹਨਾਂ ਗਲਤੀਆਂ ਤੋਂ ਬਚਾਇਆ ਜਾ ਸਕਦਾ ਹੈ।ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦੀ ਅਪੀਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਜਿਵੇਂ ਪੰਜਾਬ ਨੇ 'ਹਰੀ ਕ੍ਰਾਂਤੀ' ਰਾਹੀਂ ਦੇਸ਼ ਦੀ ਭੁੱਖ ਮਿਟਾਈ ਸੀ, ਹੁਣ GNDU ਤਕਨੀਕੀ ਕ੍ਰਾਂਤੀ ਰਾਹੀਂ ਪੰਜਾਬ ਨੂੰ 'ਅਣਖੀਲਾ' ਅਤੇ 'ਚੜ੍ਹਦੀ ਕਲਾ' ਵਾਲਾ ਬਣਾਏਗੀ।ਵਿਸ਼ਵ ਪੰਜਾਬੀ ਸੰਗਤ ਨੂੰ ਅਪੀਲ ਵਿਚ ਉਨ੍ਹਾਂ ਨੇ ਦੁਨੀਆ ਭਰ ਦੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਗਿਆਨ ਅਤੇ ਸਹਿਯੋਗ ਦੇਣ ਤਾਂ ਜੋ ਪੰਜਾਬ ਦੀ ਆਉਣ ਵਾਲੀ ਪੀੜ੍ਹੀ ਤਕਨੀਕੀ ਗੁਲਾਮੀ ਤੋਂ ਬਚ ਕੇ 'ਤਕਨੀਕੀ ਮਲਕੀਅਤ' ਹਾਸਲ ਕਰ ਸਕੇ।ਡਾ. ਕਰਮਜੀਤ ਸਿੰਘ ਜੀ ਨੇ ਬਹੁਤ ਹੀ ਨਿਮਰਤਾ ਨਾਲ ਕਿਹਾ ਕਿ ਇਹ ਸਾਰਾ ਕੰਮ ਇੱਕ 'ਟੀਮ ਵਰਕ' ਹੈ। ਉਨ੍ਹਾਂ ਨੇ ਹਉਮੈ ਤਿਆਗ ਕੇ ਇਕੱਠੇ ਹੋਣ ਦਾ ਸੱਦਾ ਦਿੱਤਾ ਤਾਂ ਜੋ ਪੰਜਾਬੀ ਵਿਰਸੇ ਅਤੇ ਆਧੁਨਿਕ ਵਿਗਿਆਨ ਦਾ ਸੁਮੇਲ ਕਰਕੇ ਇੱਕ ਪ੍ਰਗਤੀਸ਼ੀਲ ਪੰਜਾਬ ਸਿਰਜਿਆ ਜਾ ਸਕੇ। ਇਸ ਅੰਤਰਰਾਸ਼ਟਰੀ ਪੱਧਰ ਦੀ ਤਿੰਨ ਰੋਜ਼ਾ (20 ਫਰਵਰੀ 2026 ਤੋਂ 22 ਫਰਵਰੀ 2026) ਕਾਨਫਰੰਸ ਵਿਚ ਦੇਸ਼-ਵਿਦੇਸ਼ ਤੋਂ ਆਏ ਵਿਦਵਾਨਾਂ, ਲੇਖਕਾਂ ਅਤੇ ਆਪਣੇ-ਆਪਣੇ ਖੇਤਰਾਂ ਵਿਚ ਪੰਜਾਬੀਅਤ ਦਾ ਸਿਰ ਉੱਚਾ ਚੁੱਕਣ ਵਾਲੀਆਂ ਪ੍ਰਮੁੱਖ ਹਸਤੀਆਂ ਨੇ ਸ਼ਿਰਕਤ ਕੀਤੀ। ਜਿੰਨ੍ਹਾਂ ਵਿਚ ਪਦਮ ਭੂਸ਼ਣ ਸਰਦਾਰ ਤਰਲੋਚਨ ਸਿੰਘ, ਸਾਬਕਾ ਮੈਂਬਰ ਪਾਰਲੀਮੈਂਟ, ਪਦਮ ਸ੍ਰੀ ਡਾ. ਵਿਕਰਮਜੀਤ ਸਿੰਘ ਸਾਹਨੀ, ਰਾਜ ਸਭਾ ਮੈਂਬਰ, ਸਾਬਕਾ ਮੁੱਖ ਸਕੱਤਰ ਪੰਜਾਬ ਸਰਕਾਰ ਸਰਦਾਰ ਕੇ.ਬੀ.ਐਸ ਸਿੱਧੂ, ਐਮ.ਐਲ.ਏ ਹਲਕਾ ਅਜਨਾਲਾ ਆਮ ਆਦਮੀ ਪਾਰਟੀ ਪੰਜਾਬ, ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਪ੍ਰਮੁੱਖ ਪੰਜਾਬੀ ਚਿੰਤਕ ਦੀਪਕ ਮਨਮੋਹਨ, ਪ੍ਰੋ. ਸਤਬੀਰ ਸਿੰਘ ਗੋਸਲ, ਉਪ-ਕੁਲਪਤੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਡਾ. ਜਗਦੀਪ ਸਿੰਘ ਉਪ-ਕੁਲਪਤੀ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪ੍ਰਸਿੱਧ ਸਿੱਖ ਚਿੰਤਕ, ਡਾ. ਸਰਬਜਿੰਦਰ ਸਿੰਘ, ਪ੍ਰਸਿੱਧ ਪੰਜਾਬੀ ਚਿੰਤਕ ਅਮਰਜੀਤ ਗਰੇਵਾਲ, ਪੰਜਾਬ ਭਵਨ ਦੇ ਸੰਸਥਾਪਕ ਸੁਖੀ ਬਾਠ, ਕਰਨਲ ਅਜਮੇਰ ਸਿੰਘ ਬਾਲਾ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ, ਸ. ਗੁਰਜੀਤ ਸਿੰਘ ਔਜਲਾ ਅਤੇ ਪੁਲਿਸ ਕਮਿਸ਼ਨਰ, ਅੰਮ੍ਰਿਤਸਰ, ਸਰਦਾਰ ਗੁਰਪ੍ਰੀਤ ਸਿੰਘ ਭੁੱਲਰ ਨੇ ਇਸ ਕਾਨਫਰੰਸ ਦਾ ਹਿੱਸਾ ਬਣ ਕੇ ਇਸ ਦੀ ਸ਼ੋਭਾ ਵਿਚ ਵਾਧਾ ਕੀਤਾ। ਕਾਨਫਰੰਸ ਦੌਰਾਨ ਪੰਜਾਬੀ ਭਾਸ਼ਾ ਦੇ ਵਿਕਾਸ, ਵਿਸ਼ਵ ਪੱਧਰੀ ਪ੍ਰਸੰਗਿਕਤਾ, ਸੱਭਿਆਚਾਰਕ ਵਿਰਾਸਤ ਦੀ ਸੰਭਾਲ ਅਤੇ ਆਧੁਨਿਕ ਤਕਨਾਲੋਜੀ ਨਾਲ ਇਸਦੇ ਸੁਮੇਲ ਸੰਬੰਧੀ ਮਹੱਤਵਪੂਰਨ ਵਿਚਾਰ-ਵਟਾਂਦਰਾ ਕੀਤਾ ਗਿਆ। ਤਿੰਨ ਦਿਨਾਂ ਦੌਰਾਨ ਹੋਏ ਵੱਖ-ਵੱਖ ਅਕਾਦਮਿਕ ਸੈਸ਼ਨਾਂ ਵਿੱਚ ਦੇਸ਼-ਵਿਦੇਸ਼ ਤੋਂ ਪਹੁੰਚੀਆਂ ਪ੍ਰਮੁੱਖ ਸਖਸ਼ੀਅਤਾਂ ਨੇ ਆਪਣੇ ਅਨੁਭਵ ਅਤੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਆਪਣੇ-ਆਪਣੇ ਖੇਤਰਾਂ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਕਈ ਮਾਣਯੋਗ ਹਸਤੀਆਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ਜਿੰਨਾਂ ਵਿਚ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਜੀ ਯੂ.ਕੇ ਵਾਲੇ, ਸਰਦਾਰ ਸੁਰਿੰਦਰ ਪਾਲ ਸਿੰਘ ਓਬਰਾਏ, ਅਮਰੀਕਾ ਦੇ ਪ੍ਰਸਿੱਧ ਕਾਰੋਬਾਰੀ ਅਤੇ ਸਮਾਜ ਸੇਵੀ ਚਰਨਜੀਤ ਬਾਠ ਅਤੇ ਟੁੱਟ ਬ੍ਰਦਰਜ, ਯੂਨੀਵਰਸਿਟੀ ਦੇ ਨਵੇਂ ਰਾਊਂਡ ਅਬਾਊਟ ਦੀ ਉਸਾਰੀ ਦੀ ਸੇਵਾ ਕਰਨ ਵਾਲੇ ਭਾਈ ਸਵਿੰਦਰਪਾਲ ਸਿੰਘ, ਪ੍ਰਸਿੱਧ ਵਿਗਿਆਨੀ ਕੰਵਰਪਾਲ ਸਿੰਘ ਸੂਰੀ ਅਤੇ ਉੱਘੇ ਉਦਯੋਗਪਤੀ ਬਲਦੇਵ ਕੰਗ ਦਾ ਨਾਂ ਸ਼ਾਮਿਲ ਹੈ। ਇਹ ਸਨਮਾਨ ਕਾਨਫਰੰਸ ਦਾ ਇਕ ਪ੍ਰਮੁੱਖ ਆਕਰਸ਼ਣ ਰਿਹਾ ਤੇ ਇਸ ਨੇ ਨਵੀਂ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਪੈਦਾ ਕੀਤਾ।ਕਾਨਫਰੰਸ ਦੀ ਸਫਲਤਾ ਦਾ ਆਧਾਰ ਇਸ ਤੋਂ ਲਿਆ ਜਾ ਸਕਦਾ ਹੈ ਕਿ ਕਾਨਫਰੰਸ ਵਿਚ ਹਾਜ਼ਰੀਨ ਡਾ. ਵਿਕਰਮਜੀਤ ਸਿੰਘ ਸਾਹਨੀ ਜੀ ਅਤੇ ਸ. ਕੰਵਰਪਾਲ ਸਿੰਘ ਸੂਰੀ ਜੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਏਆਈ ਸੈਂਟਰ ਸਥਾਪਿਤ ਕਰਨ ਲਈ 1-1 ਕਰੋੜ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਸ. ਕੁਲਦੀਪ ਸਿੰਘ ਧਾਲੀਵਾਲ ਵੱਲੋਂ ਵੀ ਪੰਜਾਬ ਸਰਕਾਰ ਵੱਲੋਂ ਇਸ ਸੰਬੰਧੀ ਹਰ ਸੰਭਵ ਸਹਾਇਤਾ ਦੇਣ ਦਾ ਵਾਅਦਾ ਕੀਤਾ ਗਿਆ। ਕਾਨਫਰੰਸ ਦੀ ਇਹ ਵਿਸ਼ੇਸ਼ ਪ੍ਰਾਪਤੀ ਰਹੀ ਕਿ ਪਹੁੰਚੀਆਂ ਉੱਘੀਆਂ ਸਖਸ਼ੀਅਤਾਂ ਨੇ ਵੀ ਯੂਨੀਵਰਸਿਟੀ ਨੂੰ ਏਆਈ ਦੇ ਖੇਤਰ ਵਿਚ ਹਰ ਸੰਭਵ ਸਹਿਯੋਗ ਦੇਣ ਦਾ ਵਾਅਦਾ ਕੀਤਾ।ਅੰਤ ਵਿੱਚ ਯੂਨੀਵਰਸਿਟੀ ਵੱਲੋਂ ਸਾਰੇ ਮਹਿਮਾਨਾਂ, ਵਿਦਵਾਨਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਅੰਤਰਰਾਸ਼ਟਰੀ ਪੱਧਰ ਦੇ ਸਮਾਗਮ ਆਯੋਜਿਤ ਕਰਨ ਦੀ ਵਚਨਬੱਧਤਾ ਦੁਹਰਾਈ ਗਈ।



# ਪੰਜਾਬ ਦਾ 'ਕੈਂਸਰ ਬੈਲਟ' ਹੁਣ ਪੂਰੇ ਸੂਬੇ ਵਿੱਚ ਫੈਲ ਰਿਹਾ ਹੈ: ਹਥੋਆ ਪਿੰਡ ਦੀ ਦਰਦਨਾਕ ਕਹਾਣੀ



ਪੰਜਾਬ, ਜਿਸ ਨੂੰ ਕਦੇ ਦੇਸ਼ ਦਾ 'ਅੰਨਦਾਤਾ' ਕਿਹਾ ਜਾਂਦਾ ਸੀ, ਅੱਜ ਆਪਣੇ ਹੀ ਖੇਤਾਂ ਵਿੱਚੋਂ ਨਿਕਲੇ ਜ਼ਹਿਰ ਅਤੇ ਦੂਸ਼ਿਤ ਪਾਣੀ ਕਾਰਨ ਮੌਤ ਦੇ ਪਰਛਾਵੇਂ ਹੇਠ ਹੈ। ਮਾਲੇਰਕੋਟਲਾ ਦੇ ਪਿੰਡ ਹਥੋਆ ਦੀ ਤਾਜ਼ਾ ਰਿਪੋਰਟ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਕੈਂਸਰ ਹੁਣ ਸਿਰਫ਼ ਮਾਲਵਾ ਪੱਟੀ ਤੱਕ ਸੀਮਤ ਨਹੀਂ ਰਿਹਾ।ਪਿਛਲੇ 3 ਸਾਲਾਂ ਵਿੱਚ 45 ਮੌਤਾਂ ਹੋਈਆਂ ਪਿੰਡ ਵਿਚ ਹੋਈਆਂ। ਜੇਕਰ ਪਿੰਡ ਦੀ ਆਬਾਦੀ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਇਹ ਦਰ ਰਾਸ਼ਟਰੀ ਔਸਤ ਨਾਲੋਂ ਕਿਤੇ ਜ਼ਿਆਦਾ ਹੈ।ਪਿੰਡ ਵਿੱਚ ਹੈਪੇਟਾਈਟਸ-ਸੀ ਦੇ ਮਰੀਜ਼ਾਂ ਦੀ ਭਰਮਾਰ ਹੈ। ਮੈਡੀਕਲ ਵਿਗਿਆਨ ਅਨੁਸਾਰ, ਜੇਕਰ ਹੈਪੇਟਾਈਟਸ-ਸੀ ਦਾ ਸਮੇਂ ਸਿਰ ਇਲਾਜ ਨਾ ਹੋਵੇ, ਤਾਂ ਇਹ ਲਿਵਰ ਕੈਂਸਰ ਵਿੱਚ ਬਦਲ ਜਾਂਦਾ ਹੈ। ਜ਼ਮੀਨ ਹੇਠਲਾ ਪਾਣੀ ਭਾਰੀ ਧਾਤਾਂ ਅਤੇ ਕੀਟਨਾਸ਼ਕਾਂ ਨਾਲ ਭਰ ਚੁੱਕਾ ਹੈ, ਜੋ ਸਿੱਧਾ ਲੋਕਾਂ ਦੀਆਂ ਰਗਾਂ ਵਿੱਚ ਜ਼ਹਿਰ ਘੋਲ ਰਿਹਾ ਹੈ।ਵੋਟ ਬੈਂਕ ਦੀ ਰਾਜਨੀਤੀ: ਪੰਜਾਬੀਆਂ ਲਈ ਖਤਰਨਾਕ ਸਿਆਸੀ ਪਾਰਟੀਆਂ ਲਈ ਮੁਫ਼ਤ ਬਿਜਲੀ ਜਾਂ ਆਟਾ-ਦਾਲ ਸਕੀਮਾਂ ਦਾ ਪ੍ਰਚਾਰ ਕਰਨਾ ਸੌਖਾ ਹੈ ਕਿਉਂਕਿ ਇਸਦਾ ਅਸਰ ਤੁਰੰਤ ਦਿਖਦਾ ਹੈ। ਪਰ ਸਿਹਤ ਢਾਂਚਾ ਸੁਧਾਰਨ ਅਤੇ ਪਾਣੀ ਸਾਫ਼ ਕਰਨ ਲਈ ਲੰਬੇ ਸਮੇਂ ਦੀ ਨੀਤੀ ਅਤੇ ਵੱਡੇ ਬਜਟ ਦੀ ਲੋੜ ਹੁੰਦੀ ਹੈ, ਜਿਸ ਵਿੱਚੋਂ "ਵੋਟਾਂ" ਤੁਰੰਤ ਨਹੀਂ ਮਿਲਦੀਆਂ।ਇਸ ਕਰਕੇ ਕਿਸੇ ਰਾਜਨੀਤਿਕ ਪਾਰਟੀ ਦਾ ਇਸ ਵਲ ਧਿਆਨ ਨਹੀਂ।ਨਾ ਪੰਜਾਬੀ ਅਵਾਜ਼ ਉਠਾਉਂਦੇ ਹਨ। ਪੰਜਾਬ ਸਰਕਾਰ ਦੇ ਕੁੱਲ ਬਜਟ ਦਾ ਬਹੁਤ ਛੋਟਾ ਹਿੱਸਾ ਸਿਹਤ ਸੇਵਾਵਾਂ 'ਤੇ ਖਰਚ ਹੁੰਦਾ ਹੈ। ਅੱਜ ਵੀ ਪਿੰਡਾਂ ਦੀਆਂ ਡਿਸਪੈਂਸਰੀਆਂ ਵਿੱਚ ਡਾਕਟਰਾਂ ਅਤੇ ਆਧੁਨਿਕ ਟੈਸਟਿੰਗ ਮਸ਼ੀਨਾਂ ਦੀ ਭਾਰੀ ਕਮੀ ਹੈ।ਸੁਆਲ ਇਹ ਹੈ ਕਿ ਸਰਕਾਰ ਇਸ ਵਲ ਧਿਆਨ ਕਿਉਂ ਨਹੀਂ ਦੇ ਰਹੀ।ਪੰਜਾਬ ਵਿੱਚ ਕੈਂਸਰ ਦੇ ਵਧਣ ਦੇ ਤਿੰਨ ਮੁੱਖ ਕਾਰਨ ਹਨ: ਉਦਯੋਗਿਕ ਇਕਾਈਆਂ ਦੁਆਰਾ ਕੈਮੀਕਲ ਯੁਕਤ ਪਾਣੀ ਨੂੰ ਬੋਰਵੈੱਲਾਂ ਰਾਹੀਂ ਸਿੱਧਾ ਜ਼ਮੀਨ ਹੇਠਾਂ ਭੇਜਣਾ ਪੰਜਾਬੀਆਂ ਦੀ ਮੌਤ ਦਾ ਕਾਰਣ ਬਣ ਰਿਹਾ।ਸਿਵਲ ਸਰਕਾਰ ਧਿਆਨ ਕਿਉਂ ਨਹੀਂ ਦੇ ਰਹੀ।ਭ੍ਰਿਸ਼ਟ ਅਫ਼ਸਰਸ਼ਾਹੀ ਵਿਰੁਧ ਕਾਰਵਾਈ ਹੋਣੀ ਚਾਹੀਦੀ ਹੈ ਜੋ ਸਾਫ਼ ਪਾਣੀ ਨੂੰ ਮਲੀਨ ਕਰਨ ਵਾਲੇ ਉਦਯੋਗਪਤੀਆਂ ਵਿਰੁਧ ਕਾਰਵਾਈ ਨਹੀਂ ਕਰ ਰਹੇ। ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਨੇ ਖੇਤਾਂ ਵਿੱਚ ਇੰਨਾ ਜ਼ਹਿਰ ਪਾਇਆ ਹੈ ਕਿ ਉਹ ਹੁਣ ਖਾਣੇ ਦੀ ਚੇਨ ਦਾ ਹਿੱਸਾ ਬਣ ਚੁੱਕਾ ਹੈ। ਹਥੋਆ ਵਰਗੇ ਪਿੰਡਾਂ ਵਿੱਚ ਜਦੋਂ ਤੱਕ ਕੈਂਸਰ ਦਾ ਪਤਾ ਲੱਗਦਾ ਹੈ, ਉਦੋਂ ਤੱਕ ਮਰੀਜ਼ ਆਖਰੀ ਸਟੇਜ 'ਤੇ ਪਹੁੰਚ ਚੁੱਕਾ ਹੁੰਦਾ ਹੈ। ਖੇਤੀਬਾੜੀ ਵਿਭਾਗ ਨੂੰ ਕਿਸਾਨਾਂ ਲਈ ਇਥੇ ਕੈਂਪ ਲਗਾਉਣ ਦੀ ਲੋੜ ਹੈ ਤਾਂ ਜਸੋ ਖੇਤਾਂ ਵਿਚ ਕਿਹੜੀ ਫਸਲ ਉਪਰ ਕਿੰਨਾ ਰਸਾਇਣ ਛਿੜਕਿਆ ਜਾਵੇ ,ਦਸਿਆ ਜਾਵੇ। ਪੰਥਕ ਅਤੇ ਰਾਜਨੀਤਿਕ ਧਿਰਾਂ ਦੀ ਚੁੱਪਇਹ ਇੱਕ ਕੌੜੀ ਸੱਚਾਈ ਹੈ ਕਿ ਪੰਜਾਬ ਦੇ ਅਸਲ ਮੁੱਦੇ—ਸਿਹਤ, ਸਿੱਖਿਆ ਅਤੇ ਵਾਤਾਵਰਣ—ਧਾਰਮਿਕ ਅਤੇ ਸਿਆਸੀ ਬਹਿਸਾਂ ਵਿੱਚ ਦਬ ਗਏ ਹਨ। ਜੇਕਰ ਪੰਜਾਬੀ ਹੀ ਨਾ ਰਹੇ, ਤਾਂ ਵਿਰਾਸਤ ਅਤੇ ਸਿਆਸਤ ਕਿਸ ਕੰਮ ਦੀ? ਪੰਥਕ ਧਿਰਾਂ ਨੂੰ ਵੀ ਚਾਹੀਦਾ ਹੈ ਕਿ 'ਸਰਬੱਤ ਦਾ ਭਲਾ' ਦੇ ਸਿਧਾਂਤ ਤਹਿਤ ਸੂਬੇ ਦੇ ਵਿਗੜ ਰਹੇ ਵਾਤਾਵਰਣ ਵਿਰੁੱਧ ਇੱਕ ਲਹਿਰ ਖੜ੍ਹੀ ਕਰਨ। ਸਾਨੂੰ ਯਾਦ ਰੱਖਣਾ ਚਾਹੀਦਾ ਕਿ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।। (ਵਾਰ ਆਸਾ-ਸਲੋਕ ਮਹਲਾ ੧-੪੭੨). ਪਾਣੀ ਸਾਰੀ ਸ੍ਰਿਸ਼ਟੀ ਦਾ ਆਧਾਰ ਹੈ। ਪਾਣੀ ਦੇ ਆਸਰੇ ਹੀ ਸਾਰੀ ਪ੍ਰਕਿਰਤੀ ਦੀ ਕਾਰ ਸਦੀਵੀਂ ਚਲਦੀ ਰਹਿੰਦੀ ...ਸਰਕਾਰ ਕੀ ਕਰੇ ਹਥੋਆ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਪਾਣੀ ਦੀ ਤੁਰੰਤ ਲੈਬ ਜਾਂਚ ਹੋਵੇ ਅਤੇ ਰਿਪੋਰਟ ਜਨਤਕ ਕੀਤੀ ਜਾਵੇ। ਪਿੰਡ ਵਿੱਚ ਤੁਰੰਤ ਇੱਕ ਸਥਾਈ ਕੈਂਸਰ ਅਤੇ ਹੈਪੇਟਾਈਟਸ ਸਕ੍ਰੀਨਿੰਗ ਸੈਂਟਰ ਸਥਾਪਿਤ ਕੀਤਾ ਜਾਵੇ। ਜਿਨ੍ਹਾਂ ਪਿੰਡਾਂ ਦਾ ਪਾਣੀ ਪੀਣ ਯੋਗ ਨਹੀਂ, ਉੱਥੇ ਤੁਰੰਤ ਨਹਿਰੀ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇ। ਜੋ ਉਦਯੋਗਿਕ ਇਕਾਈਆਂ ਜਾਂ ਨਿੱਜੀ ਅਦਾਰੇ ਮੁਨਾਫ਼ੇ ਲਈ ਜ਼ਮੀਨੀ ਪਾਣੀ ਵਿੱਚ ਕੈਮੀਕਲ ਘੋਲ ਰਹੇ ਹਨ ਜਾਂ ਦੂਸ਼ਿਤ ਪਾਣੀ ਦੀ ਮਾਰਕੀਟਿੰਗ ਕਰਕੇ ਲੋਕਾਂ ਦੀਆਂ ਜਾਨਾਂ ਲੈ ਰਹੇ ਹਨ, ਉਨ੍ਹਾਂ ਵਿਰੁੱਧ ਕਤਲ ਦਾ ਮੁਕੱਦਮਾ ਦਰਜ ਹੋਵੇ। ਅਜਿਹੇ ਗੁਨਾਹਗਾਰਾਂ ਲਈ ਉਮਰ ਕੈਦ ਤੱਕ ਦੀ ਸਜ਼ਾ ਦਾ ਕਾਨੂੰਨੀ ਪ੍ਰਬੰਧ ਕੀਤਾ ਜਾਵੇ ਤਾਂ ਜੋ ਕੋਈ ਪੰਜਾਬੀਆਂ ਦੇ ਜੀਵਨ ਨਾਲ ਖੇਡਣ ਦੀ ਜੁਰਅਤ ਨਾ ਕਰ ਸਕੇ।ਹਥੋਆ ਪਿੰਡ ਵਿੱਚ ਤੁਰੰਤ ਮਾਹਿਰ ਡਾਕਟਰਾਂ ਦੀ ਟੀਮ ਭੇਜੀ ਜਾਵੇ। ਕੈਂਸਰ ਅਤੇ ਹੈਪੇਟਾਈਟਸ ਦੇ ਮਰੀਜ਼ਾਂ ਦਾ ਸਾਰਾ ਇਲਾਜ ਸਰਕਾਰੀ ਖਰਚੇ 'ਤੇ ਹੋਵੇ। ਮੁਫ਼ਤ ਸਹੂਲਤਾਂ ਨਾਲੋਂ ਪਹਿਲਾਂ ਪੰਜਾਬ ਨੂੰ ਸਾਫ਼ ਪਾਣੀ ਦੀ ਲੋੜ ਹੈ। ਹਰ ਪ੍ਰਭਾਵਿਤ ਪਿੰਡ ਵਿੱਚ ਨਹਿਰੀ ਪਾਣੀ ਦੇ ਫਿਲਟਰੇਸ਼ਨ ਪਲਾਂਟ ਲਗਾਏ ਜਾਣ। ਸਾਰੀਆਂ ਸਿਆਸੀ ਧਿਰਾਂ ਅਤੇ ਪੰਥਕ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਹਾਂ ਕਿ ਉਹ ਪੰਜਾਬ ਦੇ "ਸਿਹਤ ਸੰਕਟ" ਨੂੰ ਆਪਣੀ ਪਹਿਲ ਬਣਾਉਣ। ਜੇਕਰ ਪੰਜਾਬ ਦੀ ਜਵਾਨੀ ਅਤੇ ਬਜ਼ੁਰਗ ਕੈਂਸਰ ਨਾਲ ਖ਼ਤਮ ਹੋ ਗਏ, ਤਾਂ ਕਿਸੇ ਵੀ ਰਾਜਨੀਤੀ ਦਾ ਕੋਈ ਅਰਥ ਨਹੀਂ ਰਹਿ ਜਾਵੇਗਾ।

**ਬਲਵਿੰਦਰਪਾਲ ਸਿੰਘ ਪ੍ਰੋਫੈਸਰ**

# ਸ਼ੀਸ਼ ਮਹਿਲ ਤੇ ਕਿਲ੍ਹਾ ਮੁਬਾਰਕ ਵਿਖੇ ਬੰਦ ਪਏ ਮਿਊਜ਼ੀਅਮ ਆਮ ਲੋਕਾਂ ਲਈ ਖੋਲ੍ਹੇ-ਵਰਜੀਤ ਵਾਲੀਆ

## ਖਿੱਚ ਦਾ ਕੇਂਦਰ ਬਣੀਆਂ ਸ਼ੀਸ਼ ਮਹਿਲ ਦੇ ਮਿਊਜ਼ੀਅਮ 'ਚ ਪਈਆਂ ਪੁਰਾਤਨ ਵਸਤਾਂ



ਪਟਿਆਲਾ-ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਨੇ ਇੱਥੇ ਸ਼ੀਸ਼ ਮਹਿਲ ਅਤੇ ਕਿਲ੍ਹਾ ਮੁਬਾਰਕ ਵਿਖੇ ਬੰਦ ਪਏ ਮਿਊਜ਼ੀਅਮ ਆਮ ਲੋਕਾਂ ਦੇ ਦੇਖਣ ਲਈ ਖੋਲ੍ਹ ਦਿੱਤੇ ਹਨ। ਜਿੱਥੇ ਕਿਲ੍ਹਾ ਮੁਬਾਰਕ ਦੇ ਦਰਬਾਰ ਹਾਲ ਵਿਖੇ ਮਿਊਜ਼ੀਅਮ ਵਿੱਚ ਪਈਆਂ ਪੁਰਾਤਨ ਵਸਤਾਂ ਦੇਖਣ ਲਈ ਵੱਡੀ ਗਿਣਤੀ ਦਰਸ਼ਕ ਪੁੱਜ ਰਹੇ ਹਨ, ਉਥੇ ਹੀ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ ਵਿੱਚ ਵੀ ਸ਼ੀਸ਼ ਮਹਿਲ ਦੇ ਨਵੀਨੀਕਰਨ ਉਪਰੰਤ ਖੋਲ੍ਹੇ ਗਏ ਮਿਊਜ਼ੀਅਮ ਨੂੰ ਦੇਖਣ ਲਈ ਲੋਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਇਹ ਪ੍ਰਗਟਾਵਾ ਕਰਦਿਆਂ ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਵਿਭਾਗ ਦੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀ ਅਗਵਾਈ ਹੇਠ ਪੰਜਾਬ ਸਰਕਾਰ ਰਾਜ ਦੀ ਵਿਰਾਸਤੀ ਧਰੋਹਰ ਸੰਭਾਲਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਇਸੇ ਤਹਿਤ ਹੀ ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ, ਕਿਲ੍ਹਾ ਮੁਬਾਰਕ ਅਤੇ ਸ਼ੀਸ਼ ਮਹਿਲ ਵਿਖੇ ਪਟਿਆਲਾ ਵਿਰਾਸਤੀ ਮੇਲੇ ਦੌਰਾਨ ਇਹ ਦੋਵੇਂ ਮਿਊਜ਼ੀਅਮ ਆਮ ਲੋਕਾਂ ਦੇ ਦੇਖਣ ਲਈ ਖੋਲ੍ਹ ਦਿੱਤੇ ਗਏ ਹਨ।ਸ਼ੀਸ਼ ਮਹਿਲ ਵਿਖੇ ਖੋਲ੍ਹੇ ਗਏ ਮਿਊਜ਼ੀਅਮ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ। ਇਨ੍ਹਾਂ ਵਿੱਚ 1 ਨੰਬਰ ਚੀਨੀ ਕਲਾ ਗੈਲਰੀ ਹੈ, ਜਿੱਥੇ ਪੌਟਰੀ, ਬੁੱਧ ਤੇ ਹੋਰ ਧਰਮਾਂ ਨਾਲ ਸਬੰਧਤ ਫੋਟੋਆਂ ਤੇ ਹੋਰ ਸਾਜ਼ੋ ਸਮਾਨ ਸਜਾਇਆ ਗਿਆ ਹੈ। ਇਸੇ ਤਰ੍ਹਾਂ 2 ਨੰਬਰ ਗੈਲਰੀ ਵਿੱਚ ਮਹਾਨ ਸ਼ਖ਼ਸੀਅਤਾਂ ਦੇ ਸਕੱਲਚਰ ਪਏ ਹਨ, ਜਿਨ੍ਹਾਂ 'ਚ ਪਟਿਆਲਾ ਰਿਆਸਤ ਸਮੇਤ ਹੋਰ ਸ਼ਖ਼ਸੀਅਤਾਂ ਦੇ ਪੱਥਰ ਦੇ ਤਰਾਸ਼ੇ ਬੁੱਤ ਸਜਾਏ ਗਏ ਹਨ।ਪੋਰਟਰੇਟ ਤੇ ਕੋਲਾਜ ਵਾਲੀ 3 ਨੰਬਰ ਗੈਲਰੀ ਵਿਖੇ ਵੱਖ-ਵੱਖ ਤਰ੍ਹਾਂ ਦੀਆਂ ਪੇਂਟਿੰਗਜ਼ ਤੇ ਕੋਲਾਜ ਸਜੇ ਹੋਏ ਹਨ। ਜਦਕਿ 4 ਨੰਬਰ ਗੈਲਰੀ ਪ੍ਰਾਚੀਨ ਮੂਰਤੀ ਕਲਾ ਗੈਲਰੀ ਹੈ, ਜਿੱਥੇ ਕਿ ਪੁਰਾਤਨ ਮੂਰਤੀਆਂ ਤੇ ਹੋਰ ਸਾਜ਼ੋ ਸਮਾਨ ਰੱਖਿਆ ਗਿਆ ਹੈ। ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ ਵਿੱਚ ਆਉਣ ਵਾਲੇ ਦਰਸ਼ਕ ਹੁੰਮ-ਹੁੰਮਾ ਕੇ ਇਸ ਮਿਊਜ਼ੀਅਮ ਨੂੰ ਦੇਖ ਰਹੇ ਹਨ। ਦਰਸ਼ਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਪੰਜਾਬ ਸਰਕਾਰ ਨੇ ਇਹ ਮਿਊਜ਼ੀਅਮ ਖੋਲ੍ਹ ਕੇ ਪਟਿਆਲਾ ਵਾਸੀਆਂ ਨੂੰ ਇੱਕ ਵੱਡਾ ਤੋਹਫ਼ਾ ਦਿੱਤਾ ਹੈ।ਇਸੇ ਤਰ੍ਹਾਂ ਹੀ ਕਿਲ੍ਹਾ ਮੁਬਾਰਕ ਵਿਖੇ ਦਰਬਾਰ ਹਾਲ ਦੇ ਖੋਲ੍ਹੇ ਗਏ ਮਿਊਜ਼ੀਅਮ ਬਾਰੇ ਦੱਸਦਿਆਂ ਵਿਭਾਗ ਦੇ ਕਾਰਜਕਾਰੀ ਸਹਾਇਕ ਮੈਡਮ ਸ਼ਰੀਨ ਨੇ ਦੱਸਿਆ ਕਿ ਇਸ ਮਿਊਜ਼ੀਅਮ ਵਿਖੇ ਵੀ ਅਹਿਮ ਪੁਰਾਤਨ ਵਸਤਾਂ ਪਈਆਂ ਹਨ, ਇਸ ਮਿਊਜ਼ੀਅਮ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ, ਇੱਕ ਪੁਰਾਤਨ ਵਸਤਾਂ ਗੈਲਰੀ ਤੇ ਦੂਜੀ ਪੁਰਾਤਨ ਹਥਿਆਰ (ਆਰਮਜ ਤੇ ਆਰਮਰ) ਗੈਲਰੀ। ਇੱਥੇ ਪੁਰਾਤਨ ਝਾੜ ਫ਼ਾਨੂਸ (ਸ਼ੈਂਡਲੇਅਰ), ਇੱਕ ਮਿਆਨ 'ਚ ਦੋ ਤਲਵਾਰਾਂ, ਗੁਰੂ ਗੋਬਿੰਦ ਸਿੰਘ ਜੀ ਦੀ ਅਸਲ ਤਸਵੀਰ, ਕਟਾਰ, ਮਿਊਰਲ ਪੇਂਟਿੰਗਜ਼, ਪਹਿਲੀਆਂ ਲਾਂਚ ਹੋਈਆਂ ਇਟਾਲਾ ਤੇ ਫਇਏਟ ਕਾਰਾਂ, ਕੋਲਕਾਤਾ ਤੋਂ ਤਿਆਰ ਹੋਈ ਚਾਂਦੀ ਦੀ ਬੱਘੀ, ਡ੍ਰੈਸਿੰਗ ਟੇਬਲਜ਼ ਆਦਿ ਇਹ ਸਭ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹਨ।ਵਰਜੀਤ ਵਾਲੀਆ ਨੇ ਕਿਹਾ ਕਿ ਪਟਿਆਲਵੀਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਇਹ ਦੋਵੇਂ ਬੰਦ ਪਏ ਮਿਊਜ਼ੀਅਮ ਆਮ ਲੋਕਾਂ ਲਈ ਖੋਲ੍ਹ ਦਿੱਤੇ ਗਏ ਹਨ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਪੁਰਾਤਨ ਵਸਤਾਂ ਦੇਖਣ ਲਈ ਇੱਕ ਵਾਰ ਜ਼ਰੂਰ ਇਨ੍ਹਾਂ ਥਾਵਾਂ ਦਾ ਦੌਰਾ ਕਰਨ ਅਤੇ ਆਪਣੀ ਅਮੀਰ ਵਿਰਾਸਤੀ ਧਰੋਹਰ ਦੇ ਦਿਦਾਰ ਕਰਨ। ਉਨ੍ਹਾਂ ਕਿਹਾ ਕਿ ਇਹ ਸਾਰਾ ਸਾਜ਼ੋ ਸਮਾਨ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਕਰ ਲਿਆ ਗਿਆ ਹੈ।

# ਰੱਬ ਨੂੰ ਵਿਸਾਰਨਾ ਸੱਭ ਤੋਂ ਵੱਡੀ ਅਕ੍ਰਿਤਘਣਤਾ

ਮਨੁੱਖ ਨੂੰ ਜੋ ਦਿੱਸਦਾ ਹੈ ਉਸ ਤੇ ਉਹ ਸਹਿਜ ਹੀ ਵਿਸ਼ਵਾਸ ਕਰ ਲੈਂਦਾ , ਜਿਸ ਤੋਂ ਕੁੱਝ ਵੀ ਪ੍ਰਾਪਤ ਹੋਵੇ ਉਸ ਨੂੰ ਦਾਤਾ ਮੰਨ ਲੈਂਦਾ ਹੈ , ਜਿਸ ਦਾ ਹੁਕਮ ਚੱਲਦਾ ਹੋਵੇ ਉਸ ਅੱਗੇ ਸਿਰ ਨਿਵਾਉਂਦਾ ਹੈ। ਸੰਸਾਰ ਵਿੱਚ ਵਿਆਪ ਰਹੀ ਮਾਇਆ ਦੀ ਖੇਡ ਮੋਹਕ ਪ੍ਰਤੀਤ ਹੁੰਦੀ ਹੈ। ਮਨੁੱਖ ਦੀਆਂ ਕਾਮਨਾਵਾਂ ਬੇਹਿਸਾਬ ਹਨ ਪਰ ਸਬਰ ਨਹੀਂ ਹੈ। ਉਸ ਨੂੰ ਤਤਕਾਲ ਲਾਭ ਚਾਹੀਦੇ। ਇਸ ਕਾਰਨ ਉਸ ਦੇ ਜੀਵਨ ਵਿੱਚ ਚੈਨ ਦੇ ਪਲ ਅਲੱਭ ਹੀ ਹੁੰਦੇ ਹਨ। ਇਹ ਵਿਵਹਾਰਕ ਜੀਵਨ ਦਾ ਸੱਚ ਹੈ। ਪਰ ਹਰ ਮਨੁੱਖ ਦੇ ਮਨ ਦੇ ਕਿਸੇ ਕੋਨੇ ਵਿੱਚ ਅਧਿਆਤਮਕ ਜੀਵਨ ਦੀ ਲੌ ਵੀ ਬਲ ਰਹੀ ਹੁੰਦੀ ਹੈਜੋ ਪਰਮਾਤਮਾ ਦਾ ਮਾਰਗ ਵਿਖਾਉਂਦੀ ਹੈ । ਮਾਇਆ ਦੀ ਧੁੰਧ ਵਿੱਚ ਇਹ ਕੈਦ ਹੋ ਜਾਂਦੀ ਹੈ ਤੇ ਪਰਮਾਤਮਾ ਦੇ ਮਾਰਗ ਨੂੰ ਹਨੇਰਾ ਢੱਕ ਲੈਂਦਾ ਹੈ। ਪਰਮਾਤਮਾ ਵਿਖਾਈ ਨਹੀਂ ਦਿੰਦਾ , ਪਰਮਾਤਮਾ ਦਾ ਕੋਈ ਸਾਕਾਰ ਦਰਬਾਰ ਨਹੀਂ ਜਿੱਥੇ ਦਾਤਾਂ ਵੰਡਿਆਂ ਜਾ ਰਹਿਆਂ ਹੋਣ , ਪਰਮਾਤਮਾ ਦਾ ਕਿਸੇ ਰਾਜ ਦੇ ਸੰਵਿਧਾਨ , ਵਿਧੀ ਵਿਵਸਥਾ ਵਿੱਚ ਕੋਈ ਦਖਲ ਨਹੀਂ , ਕੋਈ ਹੁਕਮ ਨਹੀਂ ਚੱਲਦਾ ਤਾਂ ਮਨੁੱਖ ਲਈ ਉਸ ਵੱਲ ਵੇਖਣ ਦੀ ਵੀ ਕੋਈ ਮਜਬੂਰੀ ਨਹੀਂ ਹੁੰਦੀ। ਪਰਮਾਤਮਾ ਵਿਸਰਦਾ ਜਾਂਦਾ ਹੈ। ਪਰਮਾਤਮਾ ਯਾਦ ਆਉਂਦਾ ਹੈ ਪਰ ਉਸ ਵੇਲੇ ਜਦੋਂ ਮਨੁੱਖ ਨੂੰ ਹਰ ਥਾਂ ਤੇ ਨਿਰਾਸ਼ਾ ਮਿਲੇ। ਜਿਸ ਤੋਂ ਵੀ ਉਹ ਆਸ ਰੱਖਦਾ ਹੋਵੇ ਉਹ ਵਿਅਰਥ ਹੋ ਜਾਵੇ।ਧਰਮ ਪੁਰਖਾਂ , ਧਾਰਮਕ ਗ੍ਰੰਥਾਂ ਤੋਂ ਮਨੁੱਖ ਨੇ ਸੁਣਿਆ ਹੁੰਦਾ ਹੈ ਕਿ ਪਰਮਾਤਮਾ ਸਰਵ ਸਮਰੱਥ ਹੈ , ਦਿਆਲੂ ਦਾਤਾ ਹੈ। ਵਿਕਲਪ ਹੀਂ ਤੋਂ ਬਾਅਦ ਉਹ ਪਰਮਾਤਮਾ ਤੇ ਯਕੀਨ ਕਰਨਾ ਚਾਹੁੰਦਾ ਹੈ। ਚੁਫੇਰੇ ਨਿਰਾਸ਼ ਹੋਣ ਤੋਂ ਬਾਅਦ ਪਰਮਾਤਮਾ ਨੂੰ ਇੱਕ ਵਿਕਲਪ ਦੇ ਤੌਰ ਤੇ ਵੇਖਦਾ ਹੈ। ਮਾਇਆ ਵਿੱਚ ਰਮ ਕੇ ਪਰਮਾਤਮਾ ਨੂੰ ਵਿਸਾਰ ਦੇਣਾ ਜਿੱਥੇ ਮਨੁੱਖ ਦੀ ਅਕ੍ਰਿਤਘਣਤਾ ਹੈ , ਵਿਕਲਪ ਵੱਜੋਂ ਪਰਮਾਤਮਾ ਨੂੰ ਵੇਖਣਾ ਵੀ ਅਕ੍ਰਿਤਘਣਤਾ ਹੈ। ਪਰਮਾਤਮਾ ਨੂੰ ਵਿਸਾਰ , ਮਾਇਆ ਵਿੱਚ ਲਿਪਤ ਹੋ ਜਾਣਾ ਅਗਿਆਨਤਾ ਹੈ। ਪਰਮਾਤਮਾ ਨੂੰ ਆਪਣੇ ਸੁੱਖ ਲਈ ਵਿਕਲਪ ਵੱਜੋਂ ਵੇਖਣਾ ਚਤੁਰਾਈ ਹੈ। ਗੁਰਮਤਿ ਵਿੱਚ ਨਾ ਤਾਂ ਅਗਿਆਨਤਾ ਪ੍ਰਵਾਨ ਹੈ ਨਾਂ ਹੀ ਚਤੁਰਤਾ , ਸਿਆਣਪ। ਜੋ ਅਕ੍ਰਿਤਘਣ ਹੈ ਉਹ ਭਾਰੀ ਦੁੱਖ ਭੋਗਦਾ ਹੈ " ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ " । ਅਜਿਹਾ ਮਨੁੱਖ ਕਦੇ ਦੁੱਖਾਂ ਤੋਂ ਉਬਰ ਨਹੀਂ ਸਕਦਾ ।

ਮਨੁੱਖ ਪਰਮਾਤਮਾ ਪ੍ਰਤੀ ਅਗਿਆਨੀ ਕਿਵੇਂ ਹੋ ਸਕਦਾ ਹੈ। ਪਰਮਾਤਮਾ ਉਸ ਦਾ ਜੀਵਨ ਦਾਤਾ ਹੈ। ਗੁਰੂ ਨਾਨਕ ਸਾਹਿਬ ਨੇ ਵਚਨ ਕੀਤਾ " ਮਿਲਿ ਮਾਤ ਪਿਤਾ ਪਿੰਡੁ ਕਮਾਇਆ।। ਤਿਨਿ ਕਰਤੈ ਲੇਖੁ ਲਿਖਾਇਆ।। " । ਮਾਤਾ ਪਿਤਾ ਦਾ ਸੰਜੋਗ ਪਰਮਾਤਮਾ ਹੀ ਬਣਾਉਂਦਾ ਹੈ ਤਾਂ ਪਿੰਡ ਬਣਦਾ ਹੈ। ਪਿੰਡ ਵਿੱਚ ਪ੍ਰਾਣ ਪਰਮਾਤਮਾ ਹੀ ਪਾਉਂਦਾ ਹੈ , ਉਸ ਦਾ ਜੀਵਨ ਮਨੋਰਥ ਨਿਸ਼ਚਿਤ ਕਰਦਾ ਹੈ। ਉਸ ਮਨੋਰਥ ਦੀ ਪ੍ਰਾਪਤੀ ਲਈ ਸਮਰੱਥਾ ਵੀ ਪਰਮਾਤਮਾ ਹੀ ਦਿੰਦਾ ਹੈ " ਲਿਖੁ ਦਾਤਿ ਜੋਤਿ ਵਡਿਆਈ " . ਪਰਮਾਤਮਾ ਦੀ ਬਖਸ਼ੀ ਸਮਰੱਥਾ ਹੀ ਮਨੁੱਖ ਨੂੰ ਜੀਵਨ ਯੋਗ ਬਣਾਉਂਦੀ ਹੈ। ਪਰ ਮਨੁੱਖ ਜਦੋਂ ਮਾਇਆ ਸੇ ਸੰਪਰਕ ਵਿਚ ਆਉਂਦਾ ਹੈ ਪਰਮਾਤਮਾ ਦੀ ਬਖਸ਼ਿਸ਼ ਨੂੰ ਵਿਸਾਰ ਦਿੰਦਾ ਹੈ " ਮਿਲਿ ਮਾਇਆ ਸੁਰਤਿ ਗਵਾਈ " । ਪਰਮਾਤਮਾ ਨੇ ਚੌਰਾਸੀ ਲੱਖ ਜੋਨਿਆਂ ਵਿੱਚ ਭਟਕ ਰਹੇ ਜੀਵ ਨੂੰ ਮਨੁੱਖੀ ਜੂਨ ਬਖਸ਼ੀ। ਇਹ ਸੱਭ ਤੋਂ ਵੱਡੀ ਦਾਤ ਹੈ। ਇਹ ਦਾਤ ਬਖਸ਼ੀ ਕਿ ਉਹ ਆਵਾਗਮਨ ਤੋਂ ਮੁਕਤ ਹੋ ਸਕੇ ਜੋ ਜੀਵ ਦਾ ਸੱਭ ਤੋਂ ਵੱਡਾ ਦੁੱਖ ਹੈ ਜਿਸ ਨੂੰ ਉਹ ਜਨਮਾਂ ਜਨਮਾਂ ਤੋਂ ਭੋਗਦਾ ਆ ਰਿਹਾ ਹੈ। ਮਨੁੱਖੀ ਜੂਨ ਵਿੱਚ ਹੀ ਜੀਵਨ ਇਹ ਮਨੋਰਥ ਪ੍ਰਾਪਤ ਕਰ ਸਕਦਾ ਹੈ , ਕਿਸੇ ਹੋਰ ਜੂਨ ਵਿੱਚ ਰਹਿ ਕੇ ਇਹ ਸੰਭਵ ਨਹੀਂ ਹੁੰਦਾ। ਮਾਇਆ ਦੇ ਭਰਮ ਵਿੱਚ ਉਲਝ ਕੇ ਮਨੁੱਖ ਜੀਵਨ ਦਾ ਮਨੋਰਥ ਅਲਪ ਸੁੱਖਾਂ ਵਿੱਚ ਵੇਖਣ ਲੱਗਦਾ ਹੈ ਜਿਵੇਂ ਧਨ ਕਮਾਉਣਾ , ਜਾਇਦਾਦ ਬਣਾਉਣਾ , ਭੋਗ ਵਿਲਾਸ ਕਰਨਾ , ਤਾਕਤ , ਰੁਤਬਾ ਕਾਇਮ ਕਰਨਾ ਆਦਿਕ ਆਦਿਕ। ਉਸ ਨੂੰ ਯਾਦ ਹੀ ਨਹੀਂ ਰਹਿੰਦਾ , ਨਾਂ ਹੀ ਯਕੀਨ ਆਉਂਦਾ ਹੈ ਕਿ ਇਹ ਸਾਰੇ ਚੰਚਲ ਤੇ ਨਾਸ਼ਵਾਨ ਹਨ। ਸੰਸਾਰ ਅੰਦਰ ਇਹ ਹੁੰਦੀਆਂ ਵੇਖਦਾ ਵੀ ਹੈ ਪਰ ਭਰਮ ਵਿੱਚ ਰਹਿੰਦਾ ਹੈ ਕਿ ਉਹ ਸਿਆਣਾ ਹੈ , ਜੋ ਦੂਜਿਆਂ ਨਾਲ ਹੋਇਆ ਉਸ ਨਾਲ ਨਹੀਂ ਹੋਵੇਗਾ। ਉਹ ਗੁਰੂ ਦਾ ਅਟਲ ਵਚਨ ਭੁੱਲ ਜਾਂਦਾ ਹੈ ਕਿ " ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ " । ਜਿਨ੍ਹਾਂ ਦਾ ਧਨ ਚਲਾ ਗਿਆ , ਕੁਲ ਡੁੱਬ ਹੋ ਗਿਆ , ਰਾਜ ਨਾਸ਼ ਹੋ ਗਿਆ , ਸਿਆਣੇ ਉਹ ਵੀ ਸਨ। ਪਰ ਸਿਆਣਪ ਅੱਜ ਤੱਕ ਕਿਸੇ ਦੀ ਨਹੀਂ ਚੱਲੀ। ਸਦੀਵੀ ਸੁੱਖ ਪਰਮਾਤਮਾ ਦੀ ਭਗਤੀ ਤੇ ਉਸ ਦੀ ਮਿਹਰ ਵਿੱਚ ਹੀ ਹੈ " ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ " ।

ਮਨੁੱਖ ਇਤਨਾ ਅਕਿਤਘਣ ਹੈ ਕਿ ਪਰਮਾਤਮਾ ਨੇ ਉਸ ਨੂੰ ਜੋ ਸਮਰੱਥਾ ਜੀਵਨ ਮੁਕਤ ਹੋਣ ਲਈ ਬਖਸ਼ੀ ਉਸ ਦੀ ਉਲਟ ਵਰਤੋਂ ਉਹ ਉਸ ਮੂਲ ਮਨੋਰਥ ਨੂੰ ਵਿਸਾਰ ਕੇ ਮਾਇਆ ਲਈ ਕਰ ਰਿਹਾ ਹੈ। ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੯੧੩ ਤੇ ਸੁਸ਼ੋਭਿਤ ਆਪਣੇ ਵਚਨ ਵਿੱਚ ਮਨੁੱਖ ਨੂੰ ਪ੍ਰੇਰਨਾ ਕੀਤੀ ਕਿ ਜਿਸ ਪਰਮਾਤਮਾ ਨੇ ਮਾਤਾ ਪਿਤਾ ਦਿੱਤੇ , ਪਤਨੀ ਤੇ ਸੱਜਣ ਦਿੱਤੇ ਉਸ ਨੂੰ ਸਿਮਰੇ " ਤਿਸੁ ਠਾਕੁਰ ਕਉ ਰਖਿ ਲੇਹੁ ਚੀਤਾ " । ਪਰਮਾਤਮਾ ਦਾ ਸਿਮਰਨ ਛੱਡ ਕੇ ਮਨੁੱਖ ਪਰਿਵਾਰ ਦੇ ਮੋਹ ਵਿੱਚ ਸਮਾਂ ਅਕਾਰਥ ਕਰ ਦਿੰਦਾ ਹੈ। ਪਰਿਵਾਰ ਦੇ ਮੋਹ ਵਿੱਚ ਮਨੁੱਖ ਪਾਪ ਕਰਨ ਤੋਂ ਵੀ ਸੰਕੋਚ ਨਹੀਂ ਕਰਦਾ ਤੇ ਆਪਣੇ ਆਪ ਨੂੰ ਪਰਿਵਾਰ ਦਾ ਕਰਤਾ , ਦਾਤਾ ਮੰਨ ਲੈਂਦਾ ਹੈ। ਇਸ ਭਰਮ ਵਿੱਚ ਉਹ ਸਾਰਾ ਜੀਵਨ ਲਗਾ ਦਿੰਦਾ ਹੈ। ਆਪਣੀ ਸਮਰੱਥਾ ਸੰਸਾਰਕ ਸੁੱਖਾਂ ਨੂੰ ਇਕੱਤਰ ਕਰਨ ਵਿੱਚ ਖਰਚ ਕਰ ਦਿੰਦਾ ਹੈ ਤੇ ਆਵਾਗਮਨ ਤੋਂ ਮੁਕਤ ਹੋਣ ਦਾ ਮਨੋਰਥ ਅਣਦੇਖਾ ਰਹਿ ਜਾਂਦਾ ਹੈ। ਸੰਸਾਰਕ ਪਦਾਰਥ , ਸੰਸਾਰਕ ਸਬੰਧ ਹੀ ਮੁੱਖ ਹੋ ਜਾਂਦੇ ਹਨ। ਇਸ ਜੀਵਨ ਦੀ ਚਿੰਤਾ ਨਹੀਂ ਰਹਿੰਦੀ , ਨਾਂ ਹੀ ਅਗਲੇ ਜੀਵਨ ਦੀ ਕੋਈ ਤਿਆਰੀ ਹੁੰਦੀ ਹੈ । ਗੁਰੂ ਅਰਜਨ ਸਾਹਿਬ ਨੇ ਕਿਹਾ ਕਿ ਪਰਮਾਤਮਾ ਨੂੰ ਕਿਵੇਂ ਵਿਸਾਰਿਆ ਜਾ ਸਕਦਾ ਹੈ ਜਿਸ ਨੇ ਸਦਾ ਵੱਗਣ ਵਾਲੇ ਅਨਮੋਲ ਪਵਨ ਦੀ ਦਾਤ ਦਿੱਤੀ ਹੈ , ਅਮੁੱਲ ਪਾਣੀ ਬਖਸ਼ਿਆ ਹੈ , ਅਗਨੀ ਦਿੱਤੀ ਹੈ। ਮਨੁੱਖ ਪਵਨ ਬਿਨਾ ਇੱਕ ਖਿਨ ਵੀ ਜੀਵਤ ਨਹੀਂ ਰਹਿ ਸਕਦਾ। ਉਹ ਪਰਮਾਤਮਾ ਦੇ ਬਖਸ਼ੇ ਪਵਨ ਵਿੱਚ ਸਵਾਸ ਲੈਂਦਾ ਹੈ ਤਾਂ ਜੀਵਤ ਰਹਿੰਦਾ ਹੈ।

ਉਸ ਦਾ ਸਵਾਸ ਸਵਾਸ ਪਰਮਾਤਮਾ ਦਾ ਰਿਣੀ ਹੈ , ਪਰ ਦਾਤਾ ਨੂੰ ਚੇਤੇ ਨਹੀਂ ਕਰਦਾ। ਪਰਮਾਤਮਾ ਜੇ ਥੜੇ ਸਮੇਂ ਲਈ ਵੀ ਪਵਨ ਦਾ ਵੱਗਣਾ ਰੋਕ ਦੇਵੇ ਤਾਂ ਕੀ ਹੋਵੇਗਾ ਇਸ ਦੀ ਚਿੰਤਾ ਉਸ ਨੇ ਕਦੇ ਨਹੀਂ ਕੀਤੀ। ਕੋਈ ਵੇਮੁਖ ਹੈ ਜਾਂ ਸੰਨਮੁਖ ਹੈ ਸਾਰੀਆਂ ਨੂੰ ਪਰਮਾਤਮਾ ਇੱਕੋ ਵਿਧੀ ਨਾਲ ਪਵਨ ਦੇਈ ਜਾ ਰਿਹਾ ਹੈ। ਇਵੇਂ ਹੀ ਜਲ ਹੈ , ਅਗਨੀ ਹੈ। ਮਨੁੱਖ ਵਰਤੋਂ ਕਰਦਾ ਹੈ ਪਰ ਪਰਮਾਤਮਾ ਦੀ ਦਾਤ ਮੰਨ ਕੇ ਉਸ ਦਾ ਸ਼ੁਕਰਗੁਜ਼ਾਰ ਨਹੀਂ ਹੁੰਦਾ , ਆਪਣਾ ਸੁਭਾਵਕ ਹੱਕ ਮੰਨ ਕੇ ਵਰਤਦਾ ਹੈ। ਇਹ ਉਸ ਦਾ ਢੀਠ ਪੁਨਾ ਹੈ। ਕਿਉਂਕਿ ਜਲ ਤੇ ਅਗਨੀ ਬਿਨਾ ਜੀਵਨ ਹੀ ਨਹੀਂ ਹੈ। ਉਹ ਜੀਵਨ ਜਿਉਂ ਰਿਹਾ ਹੈ ਪਰ ਜਿਉਣਾ ਸੰਭਵ ਬਣਾਉਣ ਵਾਲੇ ਪ੍ਰਤੀ ਭਾਵਨਾ ਤੋਂ ਸੱਖਣਾ ਹੈ। ਗੁਰੂ ਅਰਜਨ ਸਾਹਿਬ ਨੇ ਵਚਨ ਕੀਤਾ ਕਿ ਇਸ ਮਹਾਨ ਉਪਕਾਰ ਲਈ ਤਾਂ ਮਨੁੱਖ ਦਾ ਮਨ ਸਦਾ ਹੀ ਪਰਮਾਤਮਾ ਦੀ ਸ਼ਰਣ ਵਿੱਚ ਰਹਿਣਾ ਚਾਹੀਦੇ " ਤਿਸੁ ਠਾਕੁਰ ਕੀ ਰਹੁ ਮਨ ਸਰਨਾ " । ਪਰਮਾਤਮਾ ਨੇ ਭਿੰਨ ਭਿੰਨ ਪ੍ਰਕਾਰ ਦੇ ਅੰਨ ਪੈਦਾ ਕੀਤੇ ਹਨ ਜਿਨ੍ਹਾਂ ਨਾਲ ਮਨੁੱਖ ਸੁਆਦਲੇ ਭੋਜਨ ਕਰਦਾ ਹੈ , ਭੋਜਨ ਖਾਨ ਤੇ ਪਚਾਉਣ ਲਈ ਪਰਮਾਤਮਾ ਨੇ ਮਨੁੱਖ ਦੇ ਅੰਦਰ ਸ੍ਰੇਸ਼ਟ ਪਾਚਨ ਤੰਤਰ ਬਣਾਇਆ ਹੈ। ਉਸ ਨੂੰ ਰਹਿਣ ਲਈ ਧਰਤੀ ਦਾ ਅਡੋਲ ਆਧਾਰ ਦਿੱਤਾ ਹੈ। ਇਸ ਨਾਲ ਜੀਵਨ ਸੁੱਖਮਈ ਤੇ ਸਹਿਜ ਹੋ ਗਿਆ ਹੈ। ਇਤਨਾ ਹੀ ਨਹੀਂ ਪਰਮਾਤਮਾ ਨੇ ਵੇਖਣ ਲਈ ਨੇਤਰ , ਸੁਣਣ ਲਈ ਕੰਨ , ਕਾਰਜ ਕਰਨ ਲਈ ਹੱਥ , ਬੋਲਣ ਲਈ ਰਸਨਾ ਤੇ ਸੁਗੰਧ ਲਈ ਨੱਕ , ਚੱਲਣ ਲਈ ਪੈਰ ਦਿੱਤੇ ਹਨ। ਇਹ ਪਰਮਾਤਮਾ ਦੀ ਭਗਤੀ ਵਿੱਚ ਸਹਾਇਕ ਹੋਣ , ਭਗਤੀ ਨੂੰ ਸਹਿਜ ਬਣਾਉਣ ਲਈ ਹਨ। ਪਰ ਮਨੁੱਖ ਇਨ੍ਹਾਂ ਦੀ ਵੀ ਦੁਰਵਰਤੋਂ ਕਰ ਰਿਹਾ ਹੈ ਤੇ ਮਾਇਆ ਨੂੰ `ਭੋਗਣ ਵਿੱਚ ਲਾ ਰਿਹਾ ਹੈ। ਪਰਮਾਤਮਾ ਨੇ ਮਨੁੱਖ ਨੂੰ ਸਿਰ ਦਿੱਤਾ ਹੈ ਜਿਸ ਦੀ ਰਚਨਾ ਸਾਰੇ ਜੀਵਨ ਵਿੱਚੋਂ ਅਦਭੂਤ ਤੇ ਸਰਵਉੱਤਮ ਹੈ। ਮਨੁੱਖ ਸੋਚ ਵਿਚਾਰ ਕਰ ਸਕਦਾ ਹੈ , ਸਮਝ ਸਕਦਾ ਹੈ। ਇਹ ਸਮਰੱਥਾ ਕਿਸੇ ਹੋਰ ਜੀਵ ਵਿੱਚ ਨਹੀਂ ਹੈ। ਚੌਰਾਸੀ ਲੱਖ ਜੋਨਿਆਂ ਵਿੱਚ ਇਕੱਲਾ ਮਨੁੱਖ ਹੀ ਵਡਭਾਗੀ ਜੀਵ ਹੈ ਜਿਸ ਤੇ ਪਰਮਾਤਮਾ ਦੀ ਵਿਸ਼ੇਸ਼ ਕਿਰਪਾ ਹੋਈ ਹੈ। ਉਸ ਨੂੰ ਤਾਂ ਪਰਮਾਤਮਾ ਦੇ ਚਰਨਾਂ ਦਾ ਦਾਸ ਬਣ ਜਾਣਾ ਚਾਹੀਦੇ " ਮਨ ਤਿਸੁ ਠਾਕੁਰ ਕੇ ਪੂਜਹੁ ਪੈਰਾ " ।

ਮਨੁੱਖ ਦਾ ਰੋਮ ਰੋਮ ਜਿਸ ਪਰਮਾਤਮਾ ਦਾ ਕਰਜਦਾਰ ਹੈ ਉਸ ਨੂੰ ਧਿਆਉਣ ਤੋਂ ਅਲਾਵਾ ਉਸ ਕੋਲ ਹਰ ਕਾਰਜ ਲਈ ਸਮਾਂ ਹੈ। ਨਿਤਨੇਮ ਲਈ ਸਮਾਂ ਨਹੀਂ , ਸਾਧਸੰਗਤ ਵਿੱਚ ਰੁਚੀ ਨਹੀਂ , ਆਵਾਗਮਨ ਦੇ ਫੇਰ ਤੋਂ ਮੁਕਤ ਹੋਣ ਲਈ ਕੋਈ ਜਤਨ ਨਹੀਂ। ਪਰਮਾਤਮਾ ਤੋਂ ਵੇਮੁਖ ਹੋ ਕੇ ਜੀਵਿਆ ਜੀਵਨ ਵਿਅਰਥ ਹੈ ਇੱਕ ਪਲ ਵੀ ਲੇਖੇ ਨਹੀਂ ਲੱਗਦਾ।

ਤਿਸੁ ਸੇਵਤ ਮਨਿ ਆਲਸੁ ਕਰੈ।।
ਜਿਸੁ ਵਿਸਰਿਐ ਇਕ ਨਿਮਖ ਨ ਸਰੈ।।
(ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ 913 )

ਪਰਮਾਤਮਾ ਦੇ ਸਿਮਰਨ ਬਿਨਾ ਇੱਕ ਪਲ ਦਾ ਵੀ ਜੀਵਨ ਜੇ ਵਿਅਰਥ ਹੈ ਤਾਂ ਉਸ ਤੋਂ ਵੇਮੁਖ ਹੋ ਕੇ ਜਿਉਣਾ ਮ੍ਰਿਤਕ ਸਮਾਨ ਜੀਵਨ ਹੈ। ਉਹ ਹਰ ਕਾਰਜ ਵਿਅਰਥ ਹੈ ਜੋ ਆਵਾਗਮਨ ਤੋਂ ਮੁਕਤ ਹੋਣ ਦੇ ਮਨੋਰਥ ਵਿੱਚ ਸਹਾਇਕ ਨਹੀਂ ਹੈ। ਉਹ ਭਗਤੀ ਨਹੀਂ ਕਿ ਨਿਤ ਗੁਰੂ ਘਰ ਵਿੱਚ ਜਾਣਾ ਹੋਵੇ ਪਰ ਆਪਣੀਆਂ ਮੰਗਾਂ ਦੀ ਪੂਰਤੀ ਲਈ , ਨਿਤਨੇਮ ਕੀਤਾ ਜਾਵੇ ਪਰ ਮਨੋਰਥ ਸੰਸਾਰਕ ਲੋੜਾਂ ਨਾਲ ਜੁੜਿਆ ਹੋਵੇ। ਗੁਰੂ ਨਾਨਕ ਸਾਹਿਬ ਨੇ ਕਿਹਾ ਸੁਆਰਥ ਦੇ ਤਹਿਤ ਕੀਤੀ ਗਈ ਭਗਤੀ ਪਰਮਾਤਮਾ ਨੂੰ ਪ੍ਰਵਾਨ ਨਹੀਂ ਹੁੰਦੀ " ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ ।। ਬਧੇ ਕਰਨਿ ਸਲਾਮ ਖਸਮ ਨ ਭਾਣਿਆ ।। " । ਇਹ ਚਿਤਾਵਨੀ ਭਗਤੀ ਤੇ ਪਖੰਡ , ਭਗਤ ਤੇ ਕ੍ਰਿਤਘਣ ਵਿੱਚ ਸਾਫ਼ ਸਾਫ਼ ਫਰਕ ਕਰਦੀ ਹੈ। ਪਰਮਾਤਮਾ ਨੇ ਤਾਂ ਜੋ ਕੁੱਝ ਦੇ ਕੇ ਸੰਸਾਰ ਵਿੱਚ ਭੇਜਿਆ ਹੈ ਉਹ ਹੀ ਅਨਮੋਲ ਹੈ। ਉਸ ਲਈ ਜੀਵਨ ਦਾ ਹਰ ਪਲ ਸ਼ੁਕਰਾਨਾ ਵੀ ਘੱਟ ਪੈ ਜਾਵੇਗਾ। ਪਰਮਾਤਮਾ ਦੀਆਂ ਬਖਸ਼ਿਸ਼ਾਂ ਦਾ ਰਿਣ ਤਾਂ ਤਿਲ ਮਾਤਰ ਵੀ ਨਹੀਂ ਉਤਾਰਿਆ ਜਾ ਸਕਦਾ " ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ " । ਜਿਸ ਦੀ ਵਡਿਆਈ ਦਾ ਰੋਮ ਮਾਤਰ ਵੀ ਵਰਨਣ ਨਹੀਂ ਕੀਤਾ ਜਾ ਸਕਦਾ , ਬਸ ਦੀਨ ਬਣ ਕੇ ਹੀ ਉਸ ਦੀ ਸ਼ਰਣ ਦੀ ਬੇਨਤੀ ਹੀ ਕੀਤੀ ਜਾ ਸਕਦੀ ਹੈ। ਇਹ ਭਾਵਨਾ ਹੀ ਅਕ੍ਰਿਤਘਣ ਹੋਣ ਤੋਂ ਬਚਾ ਸਕਦੀ ਹੈ।

**ਡਾ. ਸਤਿੰਦਰ ਪਾਲ ਸਿੰਘ**



## ਕੇਸਾਂ ਦਾ ਸੁਭਾਅ


ਵਿਗਿਆਨੀਆਂ ਨੇ ਭਰਵੀਂ ਖੋਜ ਕਰਨ ਉਪਰੰਤ ਇਹ ਨਤੀਜਾ ਵੀ ਕੱਢਿਆ ਹੈ ਕਿ ਕੇਸ ਆਪਣੀ ਪੂਰਨ ਵਿਕਾਸ ਸੀਮਾ ਤੱਕ ਪਹੁੰਚ ਜਾਣ ਉਪਰੰਤ ਜਦੋਂ ਵਧਣਾ ਬੰਦ ਕਰ ਦੇਂਦੇ ਹਨ ਤਾਂ ਉਹ 2 ਸਾਲ ਤੋਂ ਲੈ ਕੇ 6 ਸਾਲ ਤੱਕ ਸਿਰ ਵਿੱਚ ਕਾਇਮ ਰਹਿੰਦੇ ਹੋਏ ਆਪਣੀ ਕਿਰਿਆ ਸਰਗਰਮ ਰੂਪ ਵਿੱਚ ਨਿਭਾ ਕੇ ਕਮਜ਼ੋਰ ਹੋ ਜਾਣ ਉਪਰੰਤ ਝੜ ਜਾਂਦੇ ਹਨ ਤੇ ਕੰਘਾ ਕਰਨ ਨਾਲ ਬਾਹਰ ਆ ਜਾਂਦੇ ਹਨ । ਇਸ ਨੂੰ ਕੇਸਾਂ ਦਾ ਮਰਨਾ ਕਿਹਾ ਜਾ ਸਕਦਾ ਹੈ ਅਤੇ ਮਰੇ ਹੋਏ ਕੇਸ ਸਿਰ ਵਿੱਚ ਰੱਖਣ ਦਾ ਕੋਈ ਲਾਭ ਨਹੀਂ ਪਰ ਮਨੁੱਖੀ ਸਰੀਰ ਲਈ ਕੇਸਾਂ ਦੀ ਭਾਰੀ ਅਵੱਸ਼ਕਤਾ ਨੂੰ ਦੇਖਦਿਆਂ ਹੋਇਆਂ ਕੁਦਰਤ ਇਨ੍ਹਾਂ ਮਰ ਕੇ ਖਾਰਜ ਹੋਏ ਕੇਸਾਂ ਦੇ ਬਦਲ ਵਿੱਚ ਬੜੀ ਤੇਜ਼ੀ ਨਾਲ ਨਵੇਂ ਕੇਸ ਉਗਾਉਣ ਵਿੱਚ ਤੱਤਪਰ ਰਹਿੰਦੀ ਹੈ । ਕੇਸਾਂ ਦੀ ਮਹਤੱਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਬਾਖੂਬੀ ਲਗਾਇਆ ਜਾ ਸਕਦਾ ਹੈ ਕਿ ਕੇਸਾਂ ਦੇ ਝੜਨ ਨਾਲ ਫੌਰੀ ਤੌਰ 'ਤੇ ਨਵੇਂ ਕੇਸ ਉਗਾਉਣ ਦਾ ਸਿਲਸਿਲਾ ਵੀ ਪੂਰੀ ਤਾਕਤ ਨਾਲ ਕਰਮਸ਼ੀਲ ਹੋ ਜਾਂਦਾ ਹੈ ਤਾਂ ਜੋ ਮਨੁੱਖੀ ਸਰੀਰ 'ਤੇ ਕੇਸਾਂ ਦੀ ਕਮੀ ਨਾ ਵਾਪਰੇ । ਇਹ ਤਥ ਵੀ ਜ਼ਾਹਿਰ ਕਰਦਾ ਹੈ ਕਿ ਸਿਰ ਵਿੱਚ ਹਰ ਸਮੇਂ ਨਵੇਂ-ਨਰੋਏ ਕੇਸਾਂ ਦੀ ਜ਼ਿੰਦਗੀ ਦੇ ਹਰ ਕਾਲ ਵਿੱਚ ਅਤਿਅੰਤ ਲੋੜ ਹੈ ਤਦੇ ਹੀ ਵਾਹਿਗੁਰੂ ਨੇ ਮਨੁੱਖੀ ਜੀਵਨ ਲਈ ਅਜਿਹੀ ਕੇਸ-ਪ੍ਰਣਾਲੀ ਵਿਕਸਤ ਕੀਤੀ ਹੈ ਜੋ ਮਨੁੱਖ ਨੂੰ ਉਸ ਦੀ ਉਮਰ ਦੇ ਬਹੁਤ ਲੰਮੇ ਸਮੇਂ ਤੱਕ ਨੌ-ਬਰ-ਨੌ ਕੇਸਾਂ ਦੀ ਦਾਤ ਬਖਸ਼ਦੀ ਰਹਿੰਦੀ ਹੈ । ਲਗਾਤਾਰ ਕਟਵਾਉਣ ਦੇ ਬਾਵਜੂਦ ਕੇਸਾਂ ਦੇ ਤੇਜ਼ੀ ਨਾਲ ਦੋਬਾਰਾ ਵਿਕਸਤ ਹੋਣ ਦੇ ਕਰਮ ਤੋਂ ਇਹ ਅਰਥ ਵੀ ਕੱਢਿਆ ਜਾ ਸਕਦਾ ਹੈ ਕਿ ਰੱਬ ਮਨੁੱਖ ਦੀ ਕੇਸ ਕੱਟਣ ਦੀ ਕਾਰਵਾਈ ਨੂੰ ਬਿਲਕੁਲ ਸਵੀਕਾਰ ਨਹੀਂ ਕਰਦਾ, ਪਰ ਇਸ ਦੇ ਬਾਵਜੂਦ ਵੀ ਉਹ ਉਸ ਨਾਲ ਕੇਸ ਕੱਟਣ ਕਾਰਨ ਹਾਲੇ ਨਾਰਾਜ਼ ਨਹੀਂ ਹੋਇਆ । ਇਸ ਦਾ ਪ੍ਰਮਾਣ ਇਸ ਗੱਲ ਤੋਂ ਮਿਲਦਾ ਹੈ ਕਿ ਕਿਸੇ ਵੀ ਧਰਮ ਵਿੱਚ ਹਾਲੇ ਵੀ ਜੋ ਨਵਾਂ ਬੱਚਾ ਜੰਮਦਾ ਹੈ ਉਹ ਸੋਹਣੇ ਕੇਸਾਂ ਨਾਲ ਸੁਸਜਤ ਹੁੰਦਾ ਹੈ ਜੋ ਰੱਬ ਉਸ ਨੂੰ ਤੋਹਫੇ ਵਜੋਂ ਦੇ ਕੇ ਇਸ ਸੰਸਾਰ ਵਿੱਚ ਭੇਜਦਾ ਹੈ ਪਰ ਇਹ ਗੱਲ ਵੱਖਰੀ ਹੈ ਕਿ ਸਿੱਖ ਤੋਂ ਬਿਨਾਂ ਬਾਕੀ ਸੰਸਾਰ ਦੇ ਲੱਗਭਗ ਸਾਰੇ ਪੁਰਖ ਵਿਅਕਤੀ ਰੱਬ ਦੀ ਨਾ ਤਾਂ ਰਮਜ ਹੀ ਪਛਾਣਦੇ ਹਨ ਤੇ ਨਾ ਹੀ ਉਸ ਦੇ ਅਣਮੋਲ ਤੋਹਫੇ ਦਾ ਸਨਮਾਨ ਕਰਨ ਦੇ ਮੂਡ ਵਿੱਚ ਹੀ ਹਨ।ਉਂਜ ਮਨੁੱਖ ਆਪਣੇ ਆਪ ਨੂੰ ਬਹੁਤ ਸ੍ਰਿਸ਼ਟਾਚਾਰ ਵਾਲਾ ਕਹਿੰਦਾ ਹੈ । ਹਾਂ, ਸਿੱਖ ਧਰਮ ਦਾ ਪੈਰੋਕਾਰ ਇਹ ਜ਼ਰੂਰ ਸਮਝਦਾ ਹੈ ਕਿ ਵਾਹਿਗੁਰੂ ਨੇ ਸੁੱਚੇ ਰੋਮਾਂ ਨਾਲ ਉਸ ਦੇ ਸਰੀਰ ਨੂੰ ਪੋਸ਼ਾਕ ਰੂਪ ਵਿੱਚ ਸਜਾ ਕੇ ਇਸ ਸੰਸਾਰ ਵਿੱਚ ਭੇਜਿਆ ਹੈ ਅਤੇ ਮਰਨ ਵੇਲੇ ਵੀ ਕੇਸਾਂ ਦੇ ਰੂਪ ਵਿੱਚ ਇਹ ਰੇਸ਼ਮੀ ਚੰਦੋਆ ਉਸ ਉੱਪਰ ਹੁੰਦਾ ਹੈ । ਇਸ ਤਰ੍ਹਾਂ ਗੁਰੂ ਦਾ ਸਿੱਖ ਨਾ ਨੰਗਾ ਆਉਂਦਾ ਹੈ, ਨਾ ਨੰਗਾ ਜਾਂਦਾ ਹੈ ਤੇ ਇਨ੍ਹਾਂ ਰੋਮਾਂ ਦੀ ਬਦੌਲਤ ਹਰ ਸਮੇਂ ਬੇਪਰਤੀਤੀ ਤੋਂ ਬਚਿਆ ਰਹਿੰਦਾ ਹੈ ।

**ਸਰੂਪ ਸਿੰਘ ਅਲੱਗ**

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।


## ਇੱਕ ਕੋਸ਼ਿਸ਼

ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !

+44 74913 74913
www.khalsaakhbaar.com
editor@khalsaakhbaar.com
@khalsaakhbaar